ਬੁੱਧਵਾਰ, 12 ਜੂਨ, 2024
30 ਜੇਠ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 11

ਨਵਾਂ ਜ਼ਮਾਨਾ

DAILY NAWAN ZAMANA • WEDNESDAY, 12 JUNE, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

ਸੱਚਾ ਸੇਵਕ ਹੰਕਾਰ ਨਹੀਂ ਕਰਦਾ : ਮੋਹਨ ਭਾਗਵਤ

ਨਾਗਪੁਰ : ਭਾਜਪਾ ਦਾ 'ਪਿਓ' ਸਮਝੇ ਜਾਂਦੇ ਰਾਸ਼ਟਰੀ ਸੋਇਮਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਨ ਭਾਗਵਤ ਨੇ ਲੰਘੇ ਸੋਮਵਾਰ ਇੱਥੇ 'ਕਾਰਯਕਰਤਾ ਵਿਕਾਸ ਵਰਗ' ਦੇ ਸਮਾਪਤੀ ਸਮਾਗਮ 'ਚ ਕਿਹਾ—ਜੋ ਅਸਲ ਸੇਵਕ ਹੈ, ਜਿਸ ਨੂੰ ਅਸਲ ਸੇਵਕ ਕਿਹਾ ਜਾ ਸਕਦਾ ਹੈ, ਉਹ ਮਰਿਆਦਾ ਨਾਲ ਚਲਦਾ ਹੈ। ਉਸ ਮਰਿਆਦਾ ਦੀ ਪਾਲਣਾ ਕਰਕੇ ਜੋ ਚਲਦਾ ਹੈ, ਉਹ ਕਰਮ ਕਰਦਾ ਹੈ, ਪਰ ਕਰਮਾਂ ਵਿਚ ਲਿਪਤ ਨਹੀਂ ਹੁੰਦਾ। ਉਸ 'ਚ ਹੰਕਾਰ ਨਹੀਂ ਆਉਂਦਾ ਕਿ ਮੈਂ ਕੀਤਾ ਅਤੇ ਉਹੀ ਸੇਵਕ ਕਹਾਉਣ ਦਾ ਅਧਿਕਾਰੀ ਰਹਿੰਦਾ ਹੈ। ਭਾਗਵਤ ਦਾ ਇਹ ਬਿਆਨ ਇਸ ਸੰਦਰਭ ਵਿਚ ਅਹਿਮ ਹੈ ਕਿ ਹਾਲਾਂਕਿ ਮੋਦੀ ਤੀਜੀ ਵਾਰ ਪ੍ਰਧਾਨ ਮੰਤਰੀ ਬਣ ਗਏ ਹਨ, ਪਰ ਭਾਜਪਾ ਲੋਕ ਸਭਾ ਦੀਆਂ 543 ਵਿੱਚੋਂ 240 ਸੀਟਾਂ ਹੀ ਜਿੱਤ ਸਕੀ ਅਤੇ ਉਸ ਨੂੰ ਸਰਕਾਰ ਬਣਾਉਣ ਲਈ ਤੇਲਗੂ ਦੇਸਮ ਤੇ ਜਨਤਾ ਦਲ (ਯੂ) ਦਾ ਸਹਾਰਾ ਲੈਣਾ ਪਿਆ। ਸਿਆਸੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਭਾਜਪਾ ਵੱਲੋਂ ਆਰ ਐੱਸ ਐੱਸ 'ਤੇ ਟੇਕ ਘਟਾਉਣ ਕਾਰਨ ਉਸ ਦੇ ਵਰਕਰਾਂ ਨੇ ਉਤਸ਼ਾਹ ਨਹੀਂ ਦਿਖਾਇਆ ਤੇ ਭਾਜਪਾ ਬਹੁਮਤ ਹਾਸਲ ਕਰਨ ਤੋਂ ਖੁੰਝ ਗਈ।

ਭਾਜਪਾ ਪ੍ਰਧਾਨ ਜੇ ਪੀ ਨੱਢਾ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਭਾਜਪਾ ਹੁਣ ਤਕੜੀ ਹੋ ਗਈ ਹੈ ਤੇ ਆਰ ਐੱਸ ਐੱਸ 'ਤੇ ਬਹੁਤੀ ਨਿਰਭਰ ਨਹੀਂ ਰਹੀ। ਭਾਗਵਤ ਨੇ ਚੋਣਾਂ, ਸਿਆਸਤ ਤੇ ਸਿਆਸੀ ਪਾਰਟੀਆਂ ਦੇ ਰਵੱਈਏ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਉਨ੍ਹਾ ਕਿਹਾ ਕਿ ਚੋਣਾਂ ਵਿਚ ਮੁਕਾਬਲਾ ਹੁੰਦਾ ਹੈ ਤੇ ਇਸ ਦੌਰਾਨ ਇਕ-ਦੂਜੇ ਨੂੰ ਪਿੱਛੇ ਧੱਕਿਆ ਜਾਂਦਾ ਹੈ, ਪਰ ਇਸ ਦੀ ਇਕ ਹੱਦ ਹੁੰਦੀ ਹੈ। ਇਹ ਮੁਕਾਬਲਾ ਝੂਠ 'ਤੇ ਅਧਾਰਤ ਨਹੀਂ ਹੋਣਾ ਚਾਹੀਦਾ।

ਭਾਗਵਤ ਨੇ ਮਨੀਪੁਰ ਦੀ ਸਥਿਤੀ ਬਾਰੇ ਕਿਹਾ—ਮਨੀਪੁਰ ਇਕ ਸਾਲ ਤੋਂ ਅਮਨ ਦਾ ਰਾਹ ਦੇਖ ਰਿਹਾ ਹੈ। ਬੀਤੇ 10 ਸਾਲ ਤੋਂ ਉੱਥੇ ਅਮਨ ਸੀ, ਪਰ ਅਚਾਨਕ ਗਨ ਕਲਚਲ ਵਧ ਗਿਆ। ਜ਼ਰੂਰੀ ਹੈ ਕਿ ਸਮੱਸਿਆ ਨੂੰ ਪਹਿਲ ਦੇ ਆਧਾਰ 'ਤੇ ਸੁਲਝਾਇਆ ਜਾਵੇ।

ਭਾਗਵਤ ਨੇ ਕਿਹਾ ਕਿ ਨਵੀਂ ਸਰਕਾਰ ਬਣ ਗਈ ਹੈ। ਲੋਕ ਕਿਉਂ ਚੁਣੇ ਜਾਂਦੇ ਹਨ—ਸੰਸਦ ਵਿਚ ਜਾਣ ਲਈ, ਵੱਖ-ਵੱਖ ਮੁੱਦਿਆਂ 'ਤੇ ਆਮ ਸਹਿਮਤੀ ਬਣਾਉਣ ਲਈ। ਸਾਡੀ ਪਰੰਪਰਾ ਆਮ ਸਹਿਮਤੀ ਬਣਾਉਣ ਦੀ ਹੈ। ਸੰਸਦ ਵਿਚ ਦੋ ਪੱਖ ਕਿਉਂ ਹੁੰਦੇ ਹਨ? ਤਾਂ ਕਿ ਕਿਸੇ ਵੀ ਮੁੱਦੇ ਦੇ ਦੋਹਾਂ ਪਾਸਿਆਂ ਨੂੰ ਸੁਣਿਆ ਜਾਵੇ। ਜਿਵੇਂ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਉਂਜ ਹੀ ਹਰ ਮੁੱਦੇ ਦੇ ਦੋ ਪਹਿਲੂ ਹੁੰਦੇ ਹਨ। ਸੰਸਦ ਵਿਚ ਦੋ ਪੱਖ ਜ਼ਰੂਰੀ ਹਨ। ਦੇਸ਼ ਨੂੰ ਚਲਾਉਣ ਲਈ ਸਹਿਮਤੀ ਜ਼ਰੂਰੀ ਹੈ। ਵਿਪਕਸ਼ (ਆਪੋਜ਼ੀਸ਼ਨ) ਨੂੰ ਵਿਰੋਧੀ ਪਕਸ਼ ਦੀ ਥਾਂ ਪ੍ਰਤੀਪਕਸ਼ ਕਹਿਣਾ ਚਾਹੀਦਾ ਹੈ।

ਉਨ੍ਹਾ ਕਿਹਾ ਕਿ ਇਸ ਵਾਰ ਚੋਣਾਂ ਇਸ ਤਰ੍ਹਾਂ ਲੜੀਆਂ ਗਈਆਂ, ਜਿਵੇਂ ਯੁੱਧ ਲੜਿਆ ਜਾਂਦਾ ਹੈ। ਇਸ ਨਾਲ ਵੰਡ ਵਧੇਗੀ, ਸਮਾਜੀ ਤੇ ਮਾਨਸਕ ਦਰਾੜਾਂ ਵਧਣਗੀਆਂ।

ਉਨ੍ਹਾ ਕਿਹਾ—ਚੋਣਾਂ ਵਿਚ ਗੈਰਜ਼ਰੂਰੀ ਤੌਰ 'ਤੇ ਆਰ ਐੱਸ ਐੱਸ ਵਰਗੇ ਸੰਗਠਨਾਂ ਨੂੰ ਸ਼ਾਮਲ ਕੀਤਾ ਗਿਆ। ਤਕਨੀਕ ਦੀ ਵਰਤੋਂ ਕਰਕੇ ਝੂਠ ਫੈਲਾਇਆ ਗਿਆ, ਸਰਾਸਰ ਝੂਠ। ਕੀ ਤਕਨੀਕ ਤੇ ਗਿਆਨ ਦਾ ਮਤਲਬ ਇਕ ਹੀ ਹੈ? ਰਿਗਵੇਦ ਦੇ ਰਿਸ਼ੀਆਂ ਨੂੰ ਮਨੁੱਖੀ ਮਨ ਦੀ ਸਮਝ ਸੀ, ਇਸ ਲਈ ਉਨ੍ਹਾਂ ਸਵੀਕਾਰ ਕੀਤਾ ਕਿ 100 ਫੀਸਦੀ ਲੋਕਾਂ ਦੀ ਰਾਇ ਇੱਕੋ ਜਿਹੀ ਨਹੀਂ ਹੋ ਸਕਦੀ, ਪਰ ਇਸ ਦੇ ਬਾਵਜੂਦ ਜਦ ਸਮਾਜ ਆਮ ਸਹਿਮਤੀ ਨਾਲ ਕੰਮ ਕਰਨ ਦਾ ਫੈਸਲਾ ਕਰਦਾ ਹੈ ਤਾਂ ਉਹ ਸਭ ਦੀ ਸਹਿਮਤੀ ਬਣ ਜਾਂਦੀ ਹੈ।

ਸਾਬਕਾ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਉਹ ਭਾਗਵਤ ਦੇ ਮਨੀਪੁਰ ਬਾਰੇ ਬਿਆਨ ਦਾ ਸਵਾਗਤ ਕਰਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਡੀ ਐੱਨ ਏ ਨਹੀਂ ਕਿ ਉਹ ਆਪੋਜ਼ੀਸ਼ਨ ਦੀ ਸਲਾਹ ਸੁਣਨ, ਪਰ ਉਨ੍ਹਾ ਨੂੰ ਆਰ ਐੱਸ ਐੱਸ ਮੁਖੀ ਦੀ ਗੱਲ ਤਾਂ ਮੰਨ ਲੈਣੀ ਚਾਹੀਦੀ ਹੈ। ਰਾਜਦ ਆਗੂ ਤੇਜਸਵੀ ਯਾਦਵ ਤੇ ਕਾਂਗਰਸ ਆਗੂ ਗੌਰਵ ਗੋਗੋਈ ਨੇ ਕਿਹਾ ਕਿ ਭਾਗਵਤ ਦੀ ਮਨੀਪੁਰ ਬਾਰੇ ਟਿੱਪਣੀ ਲੇਟ ਆਈ ਹੈ ਅਤੇ ਉਮੀਦ ਨਹੀਂ ਕਿ ਪ੍ਰਧਾਨ ਮੰਤਰੀ ਉਸ 'ਤੇ ਧਿਆਨ ਧਰਨਗੇ। ਤੇਜਸਵੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਾ ਸਿਰਫ ਮਨੀਪੁਰ, ਸਗੋਂ ਕਿਸਾਨਾਂ ਦੀਆਂ ਮੁਸ਼ਕਲਾਂ ਤੇ ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਬਾਰੇ ਵੀ ਚੁੱਪ ਹੀ ਰਹੇ ਹਨ।

ਨਤੀਜੇ ਭਾਜਪਾ ਦੇ ਕਈ ਨੇਤਾਵਾਂ ਨੂੰ ਸ਼ੀਸ਼ਾ ਦਿਖਾਉਣ ਵਾਲੇ

ਨਵੀਂ ਦਿੱਲੀ : ਆਰ ਐੱਸ ਐੱਸ ਦੇ ਰਸਾਲੇ 'ਆਰਗੇਨਾਈਜ਼ਰ' ਨੇ ਕਿਹਾ ਹੈ ਕਿ ਲੋਕ ਸਭਾ ਚੋਣਾਂ ਦੇ ਨਤੀਜੇ ਲੋੜੋਂ ਵੱਧ ਭਰੋਸੇ ਵਾਲੇ ਵਰਕਰਾਂ ਅਤੇ ਭਾਜਪਾ ਦੇ ਕਈ ਨੇਤਾਵਾਂ ਨੂੰ ਸ਼ੀਸ਼ਾ ਦਿਖਾਉਣ ਵਾਲੇ ਹਨ। ਰਸਾਲੇ ਮੁਤਾਬਕ ਆਗੂ ਤੇ ਵਰਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਗੁਣ-ਗਾਣ ਕਰਨ ਵਿਚ ਡੁੱਬੇ ਰਹੇ ਅਤੇ ਆਮ ਲੋਕਾਂ ਦੀ ਆਵਾਜ਼ ਨੂੰ ਅਣਗੌਲਿਆ ਕਰ ਦਿੱਤਾ। 'ਆਰਗੇਨਾਈਜ਼ਰ' ਦੇ ਤਾਜ਼ਾ ਅੰਕ 'ਚ ਛਪੇ ਲੇਖ 'ਚ ਇਹ ਵੀ ਕਿਹਾ ਗਿਆ ਹੈ ਕਿ ਭਾਵੇਂ ਆਰ ਐੱਸ ਐੱਸ ਭਾਜਪਾ ਦੀ ਜ਼ਮੀਨੀ ਤਾਕਤ ਨਾ ਹੋਵੇ ਪਰ ਪਾਰਟੀ ਆਗੂਆਂ ਤੇ ਵਰਕਰਾਂ ਨੇ ਚੋਣ 'ਚ ਸਹਿਯੋਗ ਲੈਣ ਲਈ ਸੋਇਮਸੇਵਕਾਂ ਨਾਲ ਸੰਪਰਕ ਵੀ ਨਹੀਂ ਕੀਤਾ।

ਪ੍ਰਿਅੰਕਾ ਲੜਦੀ ਤਾਂ ਮੋਦੀ ਨੂੰ ਹਰਾ ਦਿੰਦੀ : ਰਾਹੁਲ

ਰਾਏ ਬਰੇਲੀ : ਰਾਹੁਲ ਗਾਂਧੀ ਨੇ ਮੰਗਲਵਾਰ ਕਿਹਾ ਕਿ ਜੇ ਉਨ੍ਹਾ ਦੀ ਭੈਣ ਪ੍ਰਿਅੰਕਾ ਗਾਂਧੀ ਵਾਰਾਨਸੀ ਤੋਂ ਚੋਣ ਲੜੀ ਹੁੰਦੀ ਤਾਂ ਉਸਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਵੱਡੇ ਫਰਕ ਨਾਲ ਹਰਾ ਦੇਣਾ ਸੀ। (ਮੋਦੀ ਇਕ ਲੱਖ 60 ਹਜ਼ਾਰ ਵੋਟਾਂ ਨਾਲ ਜਿੱਤ ਦਰਜ ਕਰਨ ਤੋਂ ਪਹਿਲਾਂ ਕਾਂਗਰਸ ਉਮੀਦਵਾਰ ਅਜੈ ਰਾਇ ਤੋਂ ਪਿੱਛੜ ਵੀ ਗਏ ਸਨ।)

ਰਾਏ ਬਰੇਲੀ ਤੋਂ ਜਿੱਤਣ ਤੋਂ ਬਾਅਦ ਲੋਕਾਂ ਦਾ ਧੰਨਵਾਦ ਕਰਨ ਪੁੱਜੇ ਰਾਹੁਲ ਨੇ ਕਿਹਾ—ਵਾਰਾਨਸੀ ਮੇਂ ਜਾਨ ਬਚਾ ਕੇ ਨਿਕਲੇ ਹੈਂ ਪ੍ਰਧਾਨ ਮੰਤਰੀ। ਪ੍ਰਿਅੰਕਾ ਚੋਣ ਲੜੀ ਹੁੰਦੀ ਤੰ ਦੋ-ਤਿੰਨ ਲੱਖ ਵੋਟਾਂ ਨਾਲ ਹਰਾ ਦੇਣਾ ਸੀ। ਰਾਹੁਲ ਨੇ ਚੋਣ ਮੁਹਿੰਮ ਦੌਰਾਨ ਮਿਲਵਰਤਨ ਲਈ ਸਮਾਜਵਾਦੀ ਪਾਰਟੀ ਦੇ ਹਰ ਵਰਕਰ ਦਾ ਧੰਨਵਾਦ ਕੀਤਾ। ਪਹਿਲਾਂ ਗੱਠਜੋੜ ਹੁੰਦੇ ਸਨ ਪਰ ਨਾਮਿਲਵਰਤਨ ਦੀਆਂ ਸ਼ਿਕਾਇਤਾਂ ਰਹਿੰਦੀਆਂ ਸਨ। ਐਤਕੀਂ ਦੇਸ਼-ਭਰ ਵਿਚ ਗੱਠਜੋੜ ਵਧੀਆ ਚੱਲਿਆ। ਅਜਿਹਾ ਇਸ ਕਰਕੇ ਸੰਭਵ ਹੋਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਸੰਵਿਧਾਨ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਪਹਿਲੀ ਵਾਰ ਦੇਖਿਆ ਕਿ ਭਾਰਤ ਦੇ ਪ੍ਰਧਾਨ ਮੰਤਰੀ ਨੇ ਖੁੱਲ੍ਹ ਕੇ ਨਫਰਤ ਤੇ ਹਿੰਸਾ ਦੀ ਸਿਆਸਤ ਖੇਡੀ। ਇਹ ਭਾਰਤ ਦੇ ਕਲਚਰ ਤੇ ਧਰਮ ਦੇ ਖਿਲਾਫ ਸੀ।

ਇਸ ਮੌਕੇ ਪ੍ਰਿਅੰਕਾ ਗਾਂਧੀ ਨੇ ਵੀ ਔਖੀਆਂ ਹਾਲਤਾਂ ਵਿਚ ਲੜਨ ਲਈ ਪਾਰਟੀ ਵਰਕਰਾਂ ਦੀ ਸ਼ਲਾਘਾ ਕੀਤੀ ਤੇ ਕਿਸ਼ੋਰੀ ਲਾਲ ਸ਼ਰਮਾ ਨੂੰ ਅਮੇਠੀ ਤੋਂ ਚੋਣ ਜਿਤਾਈ।

ਵੈਸ਼ਨੋ ਦੇਵੀ ਤੱਕ ਹੈਲੀਕਾਪਟਰ

ਜੰਮੂ : ਜੰਮੂ ਤੋਂ ਰਿਆਸੀ ਜ਼ਿਲ੍ਹੇ ਦੇ ਤ੍ਰਿਕੁਟਾ ਪਹਾੜੀਆਂ 'ਚ ਸਥਿਤ ਮਾਤਾ ਵੈਸ਼ਨੋ ਦੇਵੀ ਦੇ ਭਵਨ ਗੁਫਾ ਮੰਦਰ ਤੱਕ ਪਹੁੰਚਣ ਲਈ 18 ਜੂਨ ਤੋਂ ਹੈਲੀਕਾਪਟਰ ਸੇਵਾ ਸ਼ੁਰੂ ਹੋਵੇਗੀ। ਸ੍ਰੀ ਮਾਤਾ ਵੈਸ਼ਨੋ ਦੇਵੀ ਸ਼ਰਾਈਨ ਬੋਰਡ ਨੇ ਇਹ ਐਲਾਨ ਕੀਤਾ। ਇਹ ਕਦਮ ਤੀਰਥ ਯਾਤਰਾ ਨੂੰ ਸੌਖੀ ਬਣਾਉਣ ਅਤੇ ਗੁਫਾ ਮੰਦਰ 'ਚ ਪੂਜਾ ਕਰਨ ਲਈ ਦੁਨੀਆ ਭਰ ਤੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਬਿਹਤਰ ਸੁਵਿਧਾਵਾਂ ਦੇਣ ਲਈ ਚੁੱਕਿਆ ਗਿਆ ਹੈ।

77ਵਾਂ ਜਨਮ ਦਿਨ ਮਨਾਇਆ

ਪਟਨਾ : ਲਾਲੂ ਪ੍ਰਸਾਦ ਯਾਦਵ ਨੇ ਮੰਗਲਵਾਰ ਆਪਣੇ ਪਰਵਾਰ ਅਤੇ ਪਾਰਟੀ ਦੇ ਨੇਤਾਵਾਂ ਦੀ ਮੌਜੂਦਗੀ 'ਚ 77 ਪੌਂਡ ਦਾ ਕੇਕ ਕੱਟ ਕੇ 77ਵਾਂ ਜਨਮ ਦਿਨ ਮਨਾਇਆ। ਵੱਡੀ ਗਿਣਤੀ 'ਚ ਰਾਸ਼ਟਰੀ ਜਨਤਾ ਦਲ ਦੇ ਵਰਕਰ ਇਸ ਸਮੇਂ ਮੌਜੂਦ ਸਨ।

ਮੋਦੀ ਦਾ 18 ਨੂੰ ਵਾਰਾਨਸੀ ਦੌਰਾ

ਵਾਰਾਨਸੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ 18 ਜੂਨ ਨੂੰ ਆਪਣੇ ਸੰਸਦੀ ਖੇਤਰ ਵਾਰਾਨਸੀ ਆਉਣਗੇ। ਇਸ ਦੌਰਾਨ ਉਹ ਕਿਸਾਨਾਂ ਨੂੰ ਸੰਬੋਧਨ ਕਰਨਗੇ।

ਧਨਵੰਤ ਸਿੰਘ ਧੂਰੀ ਨਹੀਂ ਰਹੇ

ਧੂਰੀ : ਸਾਬਕਾ ਵਿਧਾਇਕ ਧਨਵੰਤ ਸਿੰਘ ਦਾ ਦੇਹਾਂਤ ਹ�و ਗਿਆ। ਉਨ੍ਹਾ ਦੀ ਸਿਹਤ ਪਿਛਲੇ ਕੁਝ ਦਿਨਾਂ ਤੋਂ ਖਰਾਬ ਸੀ। ਉਨ੍ਹਾ ਦਾ ਅੰਤਮ ਸੰਸਕਾਰ ਜੱਦੀ ਪਿੰਡ ਮਾਨਵਾਲਾ ਵਿਖੇ 12 ਜੂਨ ਨੂੰ ਦੁਪਹਿਰ 12 ਵਜੇ ਕੀਤਾ ਜਾਵੇਗਾ। ਉਹ ਇੱਕ ਵਾਰ ਕਾਂਗਰਸ ਦੀ ਟਿਕਟ ਤੋਂ ਤੇ ਇੱਕ ਵਾਰ ਆਜ਼ਾਦ ਤੌਰ 'ਤੇ ਧੂਰੀ ਤੋਂ ਚੋਣ ਜਿੱਤੇ ਸਨ। ਉਨ੍ਹਾ ਨੂੰ ਨਵਜੋਤ ਸਿੰਘ ਸਿੱਧੂ ਦਾ ਸਿਆਸੀ ਗੁਰੂ ਵੀ ਸਮਝਿਆ ਜਾਂਦਾ ਸੀ।

ਆਲਮ ਵੱਲੋਂ ਅਸਤੀਫਾ

ਰਾਂਚੀ : ਝਾਰਖੰਡ ਦੇ ਮੰਤਰੀ ਆਲਮਗੀਰ ਆਲਮ ਨੇ ਰਾਜ ਮੰਤਰੀ ਮੰਡਲ ਅਤੇ ਕਾਂਗਰਸ ਵਿਧਾਇਕ ਦਲ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਆਲਮ ਮਨੀ ਲਾਂਡਰਿੰਗ ਮਾਮਲੇ 'ਚ ਜੇਲ੍ਹ ਵਿੱਚ ਹੈ। ਆਲਮ ਨੇ ਰਾਂਚੀ ਸਥਿਤ ਬਿਰਸਾ ਮੁੰਡਾ ਕੇਂਦਰੀ ਜੇਲ੍ਹ ਤੋਂ ਮੁੱਖ ਮੰਤਰੀ ਚੰਪਾਈ ਸੋਰੇਨ ਨੂੰ ਲਿਖੇ ਪੱਤਰ ਵਿੱਚ ਮੰਤਰੀ ਵਜੋਂ ਅਤੇ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਭੇਜੇ ਪੱਤਰ 'ਚ ਵਿਧਾਇਕ ਦਲ ਦੇ ਨੇਤਾ ਦੇ ਅਹੁਦੇ ਤੋਂ ਅਸਤੀਫਾ ਦਿੱਤਾ।

ਅਗਲੇ ਸਾਲ ਜੂਨੀਅਰ ਹਾਕੀ ਵਿਸ਼ਵ ਕੱਪ ਭਾਰਤ 'ਚ

ਲੁਸਾਨ (ਸਵਿਟਜ਼ਰਲੈਂਡ)-ਕੌਮਾਂਤਰੀ ਹਾਕੀ ਫੈਡਰੇਸ਼ਨ ਦੇ ਕਾਰਜਕਾਰੀ ਬੋਰਡ ਨੇ ਐਲਾਨ ਕੀਤਾ ਕਿ ਭਾਰਤ ਅਗਲੇ ਸਾਲ ਪੁਰਸ਼ਾਂ ਦੇ ਜੂਨੀਅਰ ਹਾਕੀ ਵਿਸ਼ਵ ਕੱਪ ਦੀ ਮੇਜ਼ਬਾਨੀ ਕਰੇਗਾ। ਨੌਂ ਸਾਲਾਂ ਬਾਅਦ ਭਾਰਤ 'ਚ ਹੋਣ ਵਾਲਾ ਇਹ ਟੂਰਨਾਮੈਂਟ ਦਸੰਬਰ 'ਚ ਹੋਵੇਗਾ ਅਤੇ ਇਹ ਪਹਿਲੀ ਵਾਰ ਹੋਵੇਗਾ, ਜਦੋਂ ਇਸ 'ਚ 24 ਟੀਮਾਂ ਸ਼ਾਮਲ ਹੋਣਗੀਆਂ।

ਬੈਂਕ 'ਚੋਂ 15 ਲੱਖ ਲੁੱਟ ਕੇ ਲੈ ਗਏ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)

ਮੰਗਲਵਾਰ ਦੁਪਹਿਰ ਕਰੀਬ ਢਾਈ ਵਜੇ ਬੀਜਾ ਤੋਂ ਸਮਰਾਲਾ ਰੋਡ ਸਥਿਤ ਪਿੰਡ ਬਗਲੀ ਕਲਾਂ ਦੇ ਪੰਜਾਬ ਐਂਡ ਸਿੰਧ ਬੈਂਕ ਬਰਾਂਚ 'ਚੋਂ ਤਿੰਨ ਅਣਪਛਾਤੇ ਲੁਟੇਰੇ ਗੰਨ ਪੁਆਇੰਟ 'ਤੇ 15 ਤੋਂ 16 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਦੁਪਹਿਰ ਢਾਈ ਵਜੇ ਤਿੰਨ ਲੁਟੇਰੇ ਮੂੰਹ ਢੱਕ ਕੇ ਬੈਂਕ ਵਿੱਚ ਦਾਖਲ ਹੋਏ ਅਤੇ ਗੰਨਮੈਨ ਨਾਲ ਹੱਥੋਪਾਈ ਕਰਨ ਤੋਂ ਬਾਅਦ ਸਟਾਫ ਨੂੰ ਬੰਧਕ ਬਣਾ ਕੇ ਕਰੀਬ 15 ਤੋਂ 16 ਲੱਖ ਰੁਪਏ ਲੁੱਟ ਕੇ ਲੈ ਗਏ। ਲੁਟੇਰਿਆਂ ਬੈਂਕ ਦੇ ਗੰਨਮੈਨ ਦੀ ਬੰਦੂਕ ਵੀ ਖੋਹ ਲਈ। ਸਮਰਾਲਾ ਪੁਲਸ ਦੀ ਟੀਮ ਅਤੇ ਖੰਨਾ ਦੇ ਐੱਸ ਐੱਸ ਪੀ ਅਵਨੀਤ ਕਾਂਡਲ ਮੌਕੇ 'ਤੇ ਪਹੁੰਚੇ ਅਤੇ ਜਾਂਚ ਸ਼ੁਰੂ ਕਰ ਦਿੱਤੀ।ਬੈਂਕ ਦੇ ਗੰਨਮੈਨ ਬਲਵਿੰਦਰ ਸਿੰਘ ਨੇ ਦੱਸਿਆ ਕਿ ਮੈਂ ਪਹਿਲਾਂ ਇੱਕ ਅਣਪਛਾਤੇ ਨੂੰ ਕਿਹਾ ਕਿ ਆਪਣੇ ਮੂੰਹ ਤੋਂ ਕੱਪੜਾ ਹਟਾ ਲਵੇ, ਕਿਉਂਕਿ ਬੈਂਕ ਵਿੱਚ ਮੂੰਹ ਢੱਕ ਕੇ ਨਹੀਂ ਰੱਖ ਸਕਦੇ। ਇਸ ਤੋਂ ਬਾਅਦ ਉਹਨਾਂ ਵਿੱਚੋਂ ਇੱਕ ਨੇ ਮੈਨੂੰ ਜੱਫਾ ਪਾ ਲਿਆ ਤੇ ਮੇਰੀ ਬੰਦੂਕ ਖੋਹ ਲਈ। ਇਸ ਦਰਮਿਆਨ ਉਸ ਦੇ ਨਾਲ ਆਏ ਦੋ ਲੁਟੇਰਿਆ ਨੇ ਆਪਣੇ ਹਥਿਆਰਾਂ ਦੇ ਦਮ 'ਤੇ ਸਟਾਫ ਨੂੰ ਡਰਾ-ਧਮਕਾ ਕੇ ਬੈਂਕ 'ਚੋਂ ਕਰੀਬ 15 ਤੋਂ 16 ਲੱਖ ਰੁਪਏ ਲੁੱਟ ਕੇ ਫਰਾਰ ਹੋ ਗਏ। ਲੁਟੇਰੇ ਜਾਂਦੇ ਹੋਏ ਮੇਰੀ ਬੰਦੂਕ ਨੂੰ ਵੀ ਬੈਂਕ ਦੀ ਬਰਾਂਚ ਦੇ ਬਾਹਰ ਸੁੱਟ ਗਏ। ਖੰਨਾ ਦੇ ਐੱਸ ਐੱਸ ਪੀ ਅਮਨੀਤ ਕੌਂਡਲ ਨੇ ਕਿਹਾ ਕਿ ਜਲਦ ਹੀ ਲੁੱਟ ਦੀ ਘਟਨਾ ਨੂੰ ਸੁਲਝਾ ਲਿਆ ਜਾਵੇਗਾ।

ਬਾਜਵਾ ਅਚਾਨਕ ਸੁੰਦਰ ਸ਼ਾਮ ਅਰੋੜਾ ਦੇ ਘਰ ਪੁੱਜੇ

ਹੁਸ਼ਿਆਰਪੁਰ : ਸੀਨੀਅਰ ਕਾਂਗਰਸੀ ਨੇਤਾ ਪ੍ਰਤਾਪ ਸਿੰਘ ਬਾਜਵਾ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਾਮਲ ਹੋਏ ਤੇ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਆਗੂ ਸੁੰਦਰ ਸ਼ਾਮ ਅਰੋੜਾ ਦੇ ਘਰ ਮੰਗਲਵਾਰ ਅਚਾਨਕ ਪਹੁੰਚੇ। ਬਾਜਵਾ ਦੇ ਪਹੁੰਚਦੇ ਹੀ ਸ਼ਹਿਰ 'ਚ ਅਫਵਾਹਾਂ ਦਾ ਬਾਜ਼ਾਰ ਗਰਮ ਹੋ ਗਿਆ। ਅਰੋੜਾ ਦੇ ਘਰ ਅੰਦਰ ਹੋਰ ਕਿਸੇ ਨੂੰ ਜਾਣ ਤੋਂ ਰੋਕਣ ਲਈ ਦਰਵਾਜੇ ਬੰਦ ਕਰ ਦਿੱਤੇ ਗਏ।

ਪੰਜ ਘੰਟੇ ਸਾਹ ਸੁਕਾਈ ਰੱਖੇ

ਚੰਡੀਗੜ੍ਹ : ਮੰਗਲਵਾਰ ਸਵੇਰੇ 8.30

12-JUNE-PAGE-1.qxd 6/11/2024 11:25 PM Page 2

ਭਾਜਪਾ ਆਗੂਆਂ ਮੋਦੀ ਦੇ ਪ੍ਰਧਾਨ ਮੰਤਰੀ ਬਣਨ 'ਤੇ ਲੱਡੂ ਵੰਡੇ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਮਾਛੀਵਾੜਾ ਵਿੱਚ ਭਾਜਪਾ ਆਗੂਆਂ ਤੇ ਵਰਕਰਾਂ ਵੱਲੋਂ ਨਰਿਦਰ ਮੋਦੀ ਦੇਸ਼ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ 'ਤੇ ਜਸ਼ਨ ਮਨਾਏ ਗਏ। ਸਥਾਨਕ ਖਾਲਸਾ ਚੌਕ ਵਿਖੇ ਇਕੱਤਰ ਹੋਏ ਭਾਜਪਾ ਆਗੂਆਂ ਤੇ ਵਰਕਰਾਂ ਨੇ ਖੁਸ਼ੀ ਵਿੱਚ ਭੰਗੜੇ ਪਾ ਕੇ ਆਤਿਸਬਾਜ਼ੀ ਵੀ ਕੀਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਹਲਕਾ ਸਮਰਾਲਾ ਤੋਂ ਭਾਜਪਾ ਇਚਾਰਜ ਅਜੈ ਸੂਦ ਪੁੱਜੇ, ਜਿਨ੍ਹਾਂ ਨੇ ਵਰਕਰਾਂ ਦਾ ਮੂੰਹ ਮਿੱਠਾ ਕਰਵਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿਦਰ ਮੋਦੀ ਅੱਜ ਦੇਸ਼ ਦੇ ਹਰੇਕ ਵਰਗ ਦੇ ਲੋਕਪ੍ਰਿਯ ਨੇਤਾ ਬਣ ਚੁੱਕੇ ਹਨ। ਉਨ੍ਹਾ ਕਿਹਾ ਕਿ ਭਾਰਤ ਦੀ ਖੁਸ਼ਹਾਲੀ ਤੇ ਤਰੱਕੀ ਲਈ ਲੋਕਾਂ ਨੇ ਤੀਜੀ ਵਾਰ ਕੇਂਦਰ ਵਿਚ ਭਾਜਪਾ ਸਰਕਾਰ ਬਣਾਈ ਹੈ, ਜਿਸ ਵਿਚ ਸਮੂਹ ਵਰਕਰਾਂ ਨੇ ਆਪਣਾ ਅਹਿਮ ਯੋਗਦਾਨ ਪਾਇਆ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਜਪਾ ਆਗੂ ਸੰਜੀਵ ਲੀਹਲ, ਰਣਜੀਤ ਸਿੰਘ ਜੀਤਾ ਗਹਿਲੇਵਾਲ, ਮੰਡਲ ਪ੍ਰਧਾਨ ਅਸ਼ਵਨੀ ਸਿੰਗਲਾ, ਸੁਖਵਿੰਦਰ ਸੁੱਖੀ ਸ਼ਰਮਾ, ਵਿਕਾਸ ਮਿੱਤਲ, ਪਵਨ ਸਿੰਗਲਾ, ਡਾ. ਪ੍ਰਵੀਨ ਗੋਇਲ, ਲਕਸ਼ਮੀ ਨਰਾਇਣ, ਸਤੀਸ਼ ਸਿੰਗਲਾ ਮੌਜੂਦ ਸਨ।

ਮਨੁੱਖਾ ਜਨਮ ਬੜੇ ਭਾਗਾਂ ਨਾਲ ਮਿਲਦੈ-ਸਾਧਵੀ ਪੂਜਾ ਭਾਰਤੀ

ਜਲਾਲਾਬਾਦ (ਜੀਤ ਕੁਮਾਰ)-ਦਿਵਿਆ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਜਲਾਲਾਬਾਦ ਆਸ਼ਰਮ ਵਿਖੇ ਸਪਤਾਹਕ ਸਤਿਸੰਗ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਸਰਵਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਸੇਵਿਕਾ ਸਾਧਵੀ ਪੂਜਾ ਭਾਰਤੀ ਨੇ ਆਪਣੇ ਵਿਚਾਰਾਂ ਰਾਹੀਂ ਸੰਗਤਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਮਨੁੱਖਾ ਜਨਮ ਬੜੇ ਭਾਗਾਂ ਨਾਲ ਮਿਲਦਾ ਹੈ, ਜਿਸ ਉਪਰ ਉਸ ਪ੍ਰਮਾਤਮਾ ਦੀ ਕਿਰਪਾ ਹੁੰਦੀ ਹੈ, ਉਹ ਮਨੁੱਖ ਹੀ ਜਨਮ ਲੈ ਕੇ ਧਰਤੀ ਉੱਪਰ ਆਉਂਦਾ ਹੈ। ਇਹ ਜਨਮ ਸਿਰਫ ਸੰਸਾਰਿਕ ਕੰਮਕਾਰ ਕਰਨ ਲਈ ਨਹੀਂ ਮਿਲਿਆ, ਇਸ ਦਾ ਉਦੇਸ਼ ਬਹੁਤ ਮਹਾਨ ਹੈ, ਉਹ ਉਦੇਸ਼ ਹੈ ਪ੍ਰਮਾਤਮਾ ਦਾ ਸਾਕਸ਼ਾਤ ਦਰਸ਼ਨ ਕਰ ਕੇ ਇਸ ਜੀਵਨ ਨੂੰ ਸਾਰਥਕ ਕਰਨਾ, ਜਦੋਂ ਪੂਰਨ ਗੁਰੂ ਮਨੁੱਖ ਦੇ ਜੀਵਨ ਵਿੱਚ ਆਉਂਦਾ ਹੈ ਤਾਂ ਉਹ ਉਸ ਦੇ ਮਸਤਕ ਉਪਰ ਹੱਥ ਰੱਖ ਕੇ ਪ੍ਰਮਾਤਮਾ ਦਾ ਦਰਸ਼ਨ ਉਸ ਦੇ ਅੰਦਰ ਹੀ ਕਰਵਾ ਦਿੰਦਾ ਹੈ, ਇਸ ਲਈ ਸਾਨੂੰ ਧਾਰਮਿਕ ਗ੍ਰੰਥਾਂ ਅਨੁਸਾਰ ਪੂਰਨ ਸਤਿਗੁਰ ਦੀ ਖੋਜ ਕਰ ਕੇ ਆਪਣੇ ਭਗਤੀ ਦੇ ਸਫ਼ਰ ਦੀ ਸ਼ੁਰੂਆਤ ਜਲਦ ਹੀ ਕਰਨੀ ਚਾਹੀਦੀ ਹੈ ਤਾਂ ਜੋਂ ਇਹ ਮਨੁੱਖਾ ਜਨਮ ਸਫਲ ਹੋ ਜਾਏ। ਸਾਧਵੀ ਜੀ ਨੇ ਇਹ ਵੀ ਕਿਹਾ ਕਿ ਅੱਜ ਦਾ ਮਨੁੱਖ ਸਮਾਜ ਵਿੱਚ ਰਹਿੰਦੇ ਹੋਏ ਜਾਣਦੇ-ਅਣਜਾਣੇ ਕਾਫੀ ਸਾਰੇ ਮਾੜੇ ਕਰਮ ਕਰਦਾ ਹੈ, ਜਿਸ ਨਾਲ ਸਮਾਜ ਦਾ ਤੇ ਨਾਲ ਹੀ ਉਸ ਦਾ ਵੀ ਨੁਕਸਾਨ ਹੋ ਰਿਹਾ ਹੈ, ਪਰ ਜਦੋਂ ਮਨੁੱਖ ਪੂਰਨ ਗੁਰੂ ਦੀ ਸ਼ਰਨ ਆ ਕੇ ਭਗਤੀ ਕਰਦਾ ਹੈ ਤਾਂ ਉਹ ਸਮਾਜ ਦਾ ਤੇ ਨਾਲ ਹੀ ਆਪਣਾ ਵੀ ਕਲਿਆਣ ਕਰ ਸਕਦਾ ਹੈ। ਅੰਤ ਵਿੱਚ ਸਾਧਵੀ ਪੂਜਾ ਭਾਰਤੀ ਜੀ ਨੇ ਸੁੰਦਰ ਭਜਨਾਂ ਦਾ ਗਾਇਨ ਕੀਤਾ।

ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੀ ਖੁਸ਼ੀ 'ਚ ਲੱਡੂ ਵੰਡੇ

ਬਰੇਟਾ (ਗੀਤਵਾਲ)-ਭਾਰਤੀ ਜਨਤਾ ਪਾਰਟੀ ਮੰਡਲ ਬਰੇਟਾ ਵੱਲੋਂ ਸ਼੍ਰੀ ਨਰਿੰਦਰ ਮੋਦੀ ਦੇ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ।ਇਸ ਮੌਕੇ ਮੰਡਲ ਪ੍ਰਧਾਨ ਗਗਨਦੀਪ ਸ਼ਰਮਾ ਨੇ ਕਿਹਾ ਕਿ ਇਹ ਜਿੱਤ ਐੱਨ ਡੀ ਏ ਦੀ ਇੱਕ ਇਤਿਹਾਸਕ ਜਿੱਤ ਹੈ।ਇਸ ਲਈ ਸ਼੍ਰੀ ਨਰਿਦਰ ਮੋਦੀ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਬਣਨ ਜਾ ਰਹੇ ਹਨ।ਉਨ੍ਹਾ ਕਿਹਾ ਕਿ ਪਿਛਲੇ 10 ਸਾਲਾਂ ਦੌਰਾਨ ਭਾਰਤ ਦਾ ਜੋ ਵਿਕਾਸ ਹੋਇਆ ਹੈ, ਉਸੇ ਤਰ੍ਹਾਂ ਜਾਰੀ ਰਹੇਗਾ।ਇਸ ਲਈ ਭਾਰਤ ਵਿਕਸਤ ਭਾਰਤ ਬਣ ਰਿਹਾ ਹੈ।ਗਗਨਦੀਪ ਸ਼ਰਮਾ ਨੇ ਕਿਹਾ ਕਿ ਪਿਛਲੇ 10 ਸਾਲਾਂ ਦੌਰਾਨ ਕੇਂਦਰ ਸਰਕਾਰ ਵੱਲੋਂ ਅਨੇਕਾਂ ਲੋਕ ਭਲਾਈ ਦੀਆਂ ਸਕੀਮਾਂ ਚਲਾਈਆਂ ਗਈਆਂ, ਜੋ ਇਸੇ ਤਰ੍ਹਾਂ ਜਾਰੀ ਰਹਿਣਗੀਆਂ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਵੀ ਭਾਜਪਾ ਦਾ ਪ੍ਰਦਰਸ਼ਨ ਸ਼ਾਨਦਾਰ ਰਿਹਾ ਹੈ ਅਤੇ ਭਾਜਪਾ 100 ਸਾਲ ਪੁਰਾਣੀ ਪਾਰਟੀ ਅਕਾਲੀ ਦਲ ਨੂੰ ਪਛਾੜ ਕੇ ਤੀਜੀ ਵੱਡੀ ਧਿਰ ਬਣ ਗਿਆ ਹੈ।ਇਸ ਮੌਕੇ ਜ਼ਿਲ੍ਹਾ ਉੱਪ ਪ੍ਰਧਾਨ ਸੂਰਜ ਪ੍ਰਕਾਸ਼, ਸੀਨੀਅਰ ਆਗੂ ਅਸ਼ੋਕ ਕੁਮਾਰ ਗੋਰਾ, ਨਰਾਇਣ ਦਾਸ, ਨਰਿੰਦਰ ਬਾਂਸਲ, ਰੀਸ਼ੂ ਜਿੰਦਲ, ਪੁਨੀਤ ਮਿੱਤਲ, ਗੋਰਾ ਲਾਲ, ਸੁਭਾਸ਼ ਚੰਦ, ਡਿੰਪਲ ਸ਼ਰਮਾ, ਅਸ਼ੋਕ ਕੁਮਾਰ ਕਾਲੀ, ਪ੍ਰਸ਼ੋਤਮ ਸਿੰਘ ਖੁਡਾਲ, ਗੋਲਡੀ ਕੁਮਾਰ, ਸੂਰਜ ਭਾਨ, ਹਰੀ ਓਮ ਸਿੰਗਲਾ ਹਾਜ਼ਰ ਸਨ।

ਸਿੱਧਵਾਂ ਬੇਟ 'ਚ ਕਾਂਗਰਸੀ ਸਮਰਥਕਾਂ ਰਾਜਾ ਵੜਿੰਗ ਦੀ ਜਿੱਤ 'ਤੇ ਲੱਡੂ ਵੰਡੇ

ਜਗਰਾਉਂ (ਨਛੱਤਰ ਸੰਧੂ)-ਲੋਕ ਸਭਾ ਚੋਣ ਹਲਕਾ ਲੁਧਿਆਣਾ ਲਈ ਕਾਂਗਰਸ ਪਾਰਟੀ ਦੇ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਦੀ 18ਵੀਂ ਲੋਕ ਸਭਾ ਲਈ ਸ਼ਾਨਦਾਰ ਜਿੱਤ 'ਤੇ ਜਸ਼ਨ ਮਨਾਉਂਦਿਆਂ ਹਲਕਾ ਸਿੱਧਵਾਂ ਬੇਟ ਦੇ ਕਾਂਗਰਸੀ ਸਮਰਥਕਾਂ ਨੇ ਕੈਪਟਨ ਸੰਦੀਪ ਸੰਧੂ ਨਾਲ ਰਲ ਕੇ ਲੱਡੂ ਵੰਡੇ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਸੰਦੀਪ ਸਿੰਘ ਨੇ ਕਿਹਾ ਕਿ ਕੈਪਟਨ ਸੰਦੀਪ ਸੰਧੂ ਵੱਲੋਂ ਕਰਵਾਏ ਗਏ ਵਿਕਾਸ ਕਾਰਜਾਂ ਦੀ ਬਦੌਲਤ ਰਾਜਾ ਵੜਿੰਗ ਨੂੰ ਵੱਡੀ ਜਿੱਤ ਪ੍ਰਾਪਤ ਹੋਈ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਤੋਂ ਲੋਕਾਂ ਦਾ ਮੋਹ ਭੰਗ ਹੋ ਚੁੱਕਾ ਹੈ। 25ਮਹੀਨਿਆਂ ਵਿੱਚ ਹੀ ਬੇਟ ਇਲਾਕੇ ਵਿੱਚ ਆਪ ਦਾ ਇੱਕ ਤਰਾਂ ਨਾਲ ਸਫਾਇਆ ਹੋ ਗਿਆ ਹੈ। ਉਨ੍ਹਾ ਕਿਹਾ ਕਿ ਅਗਲਾ ਸਮਾਂ ਕਾਂਗਰਸ ਪਾਰਟੀ ਦਾ ਹੈ ਤੇ ਆਉਣ ਵਾਲੀ ਸੂਬਾ ਸਰਕਾਰ ਵੀ ਕਾਂਗਰਸ ਦੀ ਹੋਵੇਗੀ। ਇਸ ਸਮੇਂ ਉਨ੍ਹਾਂ ਨਾਲ ਕੁਲਵੰਤ ਸਿੰਘ ਸਿੱਧੂ, ਕਰਮਜੀਤ ਕੌਰ, ਬਲਜਿੰਦਰ ਬੱਲੀ, ਜਸਵੀਰ ਲੱਡੂ, ਸੁਖਵਿੰਦਰ ਸੁੱਖਾ, ਪ੍ਰਧਾਨ ਬਲਦੇਵ ਸਿੰਘ, ਜਗਮੋਹਨ ਸਿੰਘ, ਕੋਮਲਪ੍ਰੀਤ ਸਿੰਘ, ਇੰਦਰਜੀਤ ਗਿੱਲ, ਚੌਧਰੀ ਲਛਮਣ ਸਿੰਘ, ਰਾਜਿੰਦਰ ਕੌਰ, ਕੁਲਦੀਪ ਕੌਰ, ਤਰਸੇਮ ਸਿੰਘ ਹਾਂਸ, ਨਿਰਮੋਲਕ ਨੂਰ, ਹਾਕਮ ਫੌਜੀ, ਡਾ: ਜਗਰੂਪ ਸਿੰਘ, ਗਿਆਨੀ ਗੁਰਪਾਲ ਸਿੰਘ, ਪਰਮਿੰਦਰ ਸਿੱਧੂ, ਮਨੀ ਸਲੇਮਪੁਰਾ, ਨਿੰਮਾ ਪੰਚ, ਕੁਲਵੰਤ ਤੇ ਸੁਰਿੰਦਰਪਾਲ ਸਲੇਮਪੁਰਾ ਆਦਿ ਹਾਜ਼ਰ ਸਨ।

ਇੱਕਦਮ ਝੋਨਾ ਲਗਾਉਣ ਦੇ ਦਿੱਤੇ ਆਦੇਸ਼ਾਂ ਕਾਰਨ ਕਿਸਾਨ ਉਲਝਣ 'ਚ ਫਸੇ

ਲੰਬੀ/ਮਲੋਟ (ਗੁਰਮੀਤ ਸਿੰਘ ਮੱਕੜ)

ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਦੇ ਨਿਰਦੇਸ਼ ਹੇਠ ਅੱਜ ਤੋਂ ਝੋਨੇ ਦੀ ਬਿਜਾਈ ਸ਼ੁਰੂ ਕੀਤੀ ਗਈ ਅਤੇ ਜ਼ਿਆਦਾਤਰ ਇਸ ਵਾਰ ਕਿਸਾਨਾਂ ਦਾ ਰੁਝਾਨ ਝੋਨੇ ਵੱਲ ਹੈ। ਹਲਕਾ ਮਲੋਟ ਤੇ ਲੰਬੀ ਦੇ ਕਿਸਾਨਾਂ ਨੇ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਨਰਮੇ ਦੀ ਫਸਲ ਕੋਈ ਚੰਗੀ ਨਾ ਹੋਣ ਕਰਕੇ ਇਸ ਵਾਰ ਕਿਸਾਨਾਂ ਦਾ ਜ਼ਿਆਦਾ ਰੁਝਾਨ ਝੋਨੇ ਵੱਲ ਹੋਇਆ ਹੈ ਅਤੇ ਸਰਕਾਰ ਵੱਲੋਂ ਅੱਜ ਤੋਂ ਝੋਨੇ ਦੀ ਬਿਜਾਈ ਸ਼ੁਰੂ ਕਰਨ ਲਈ ਕਿਹਾ ਗਿਆ, ਇਸ ਦਮ ਬਿਜਾਈ ਸ਼ੁਰੂ ਹੋਣ ਨਾਲ ਕਿਸਾਨਾਂ ਨੂੰ ਪ੍ਰਵਾਸੀ ਮਜ਼ਦੂਰਾਂ ਦੀ ਕਾਫੀ ਮੁਸ਼ਕਲ ਆਵੇਗੀ ਅਤੇ ਇਸ ਤੋਂ ਇਲਾਵਾ ਸਾਰੇ ਪਾਸੇ ਇੱਕਦਮ ਝੋਨੇ ਲੱਗਣ ਨਾਲ ਬਿਜਲੀ ਤੇ ਪਾਣੀ ਵਿੱਚ ਕਮੀ ਹੋਵੇਗੀ, ਇਸ ਲਈ ਬਿਜਲੀ ਦੀ ਸਪਲਾਈ 10 ਘੰਟੇ ਕੀਤੀ ਜਾਵੇ ਅਤੇ ਲੰਬੀ ਹਲਕੇ ਕਈ ਪਿੰਡਾਂ ਵਿੱਚ ਟੇਲਾਂ 'ਤੇ ਪਾਣੀ ਪੂਰਾ ਨਹੀਂ ਪਹੁੰਚਦਾ, ਉਸ ਨੂੰ ਪੂਰਾ ਕੀਤਾ ਜਾਵੇ। ਕਿਸਾਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਕਈ ਜ਼ਿਲ੍ਹਿਆਂ ਦੇ ਨਾਲ ਨਾਲ ਸ਼੍ਰੀ ਮੁਕਤਸਰ ਸਾਹਿਬ ਨੂੰ ਵਾਧੂ ਨਹਿਰੀ ਪਾਣੀ ਦੇਣ ਦੀ ਗੱਲ ਕਹੀ ਜਾ ਰਹੀ ਹੈ, ਪ੍ਰੰਤੂ ਇਹ ਤਾਂ ਸਮਾਂ ਹੀ ਦੱਸੇਗਾ ਕਿ ਕਿੰਨੀ ਕੁ ਕਿਸਾਨਾਂ ਨੂੰ ਬਿਜਲੀ ਤੇ ਪਾਣੀ ਮਿਲਦਾ ਹੈ।

ਬਿੱਟੂ ਨੂੰ ਰਾਜ ਮੰਤਰੀ ਬਣਾਏ ਜਾਣ 'ਤੇ ਦਿੱਤੀ ਵਧਾਈ

ਤਲਵੰਡੀ ਸਾਬੋ (ਜਗਦੀਪ ਗਿੱਲ)-ਪੰਜਾਬ ਦੇ ਸਾਬਕਾ ਸਵਰਗੀ ਮੁੱਖ ਮੰਤਰੀ ਸ੍ਰ. ਬੇਅੰਤ ਸਿੰਘ ਦੇ ਪੋਤਰੇ ਸ੍ਰੀ ਰਵਨੀਤ ਸਿੰਘ ਬਿੱਟੂ ਨੂੰ ਕੇਂਦਰ ਦੀ ਸ੍ਰੀ ਨਰਿੰਦਰ ਮੋਦੀ ਸਰਕਾਰ ਵਿੱਚ ਰਾਜ ਮੰਤਰੀ ਬਣਾਏ ਜਾਣ 'ਤੇ ਸੀਨੀਅਰ ਪੱਤਰਕਾਰ ਮਹਿੰਦਰ ਸਿੰਘ ਰੂਪ ਭਾਗੀਵਾਂਦਰ ਨੇ ਸ੍ਰੀ ਰਵਨੀਤ ਸਿੰਘ ਬਿੱਟੂ ਨੂੰ ਨਵੀਂ ਦਿੱਲੀ ਵਿਖੇ ਉਨ੍ਹਾਂ ਦੀ ਰਿਹਾਇਸ਼ 'ਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਵਧਾਈ ਦਿੱਤੀ।ਇਸ ਮੌਕੇ ਨਵ-ਨਿਯੁਕਤ ਰਾਜ ਮੰਤਰੀ ਸ਼੍ਰੀ ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਸ਼੍ਰੀ ਮਹਿੰਦਰ ਸਿੰਘ ਰੂਪ ਸਾਡੇ ਪਰਿਵਾਰ 'ਚ ਸਤਿਕਾਰ ਵਜੋਂ ਜਾਣੇ ਜਾਂਦੇ ਹਨ, ਜਿਨ੍ਹਾਂ ਦਾ ਮੇਰੇ ਦਾਦਾ ਜੀ ਸਵਰਗੀ ਸ੍ਰ. ਬੇਅੰਤ ਸਿੰਘ ਪ੍ਰਤੀ ਅਥਾਹ ਸਤਿਕਾਰ ਸੀ, ਜੋ ਅੱਜ ਵੀ ਬਰਕਰਾਰ ਹੈ।

ਵਧੀਕ ਰਜਿਸਟਰਾਰ ਨਿਸ਼ਾ ਰਾਣਾ ਵੱਲੋਂ ਐੱਫ ਪੀ ਓਜ਼ ਦਾ ਨਿਰੀਖਣ

ਮੋਗਾ (ਇਕਬਾਲ ਸਿੰਘ ਖਹਿਰਾ)-ਪੰਜਾਬ ਸਹਿਕਾਰਤਾ ਵਿਭਾਗ ਦੇ ਵਧੀਕ ਰਜਿਸਟਰਾਰ ਸ਼੍ਰੀਮਤੀ ਨਿਸ਼ਾ ਰਾਣਾ ਵੱਲੋਂ ਕ੍ਰਿਸ਼ੀ ਵਿਗਿਆਨ ਕੇਂਦਰ, ਬੁੱਧ ਸਿੰਘ ਵਾਲਾ, ਮੋਗਾ ਵੱਲੋਂ ਸਥਾਪਤ ਦੋ ਕਿਸਾਨ ਉਤਪਾਦਕ ਸੰਗਠਨਾਂ (ਐੱਫ.ਪੀ.ਓ.) ਦੀ ਹਰਿਆਵਲ ਫਾਰਮਰ ਪ੍ਰੋਡਿਊਸਰ ਸਹਿਕਾਰਤਾ ਸਭਾ ਖੋਸਾ ਪਾਂਡੋ ਤੇ "ਦੀ ਰਾਊ ਫਾਰਮਰ ਪ੍ਰੋਡੂਸਰ ਸਹਿਕਾਰਤਾ ਸਭਾ ਰਾਉਕੇ ਕਲਾਂ" ਦਾ ਦੌਰਾ ਤੇ ਨਿਰੀਖਣ ਕੀਤਾ। ਇਸ ਦੌਰੇ ਦੌਰਾਨ ਐਸੋਸੀਏਟ ਡਾਇਰੈਕਟਰ (ਟ੍ਰੇਨਿੰਗ) ਕੇ.ਵੀ.ਕੇ. ਬੁੱਧ ਸਿੰਘ ਵਾਲਾ ਡਾ. ਅਮਨਦੀਪ ਸਿੰਘ ਬਰਾੜ ਮੋਗਾ, ਸਹਾਇਕ ਪ੍ਰੋਫੈਸਰ ਪ੍ਰੋਸੈਸਿੰਗ ਤੇ ਫੂਡ ਇੰਜੀਨੀਅਰਿੰਗ ਡਾ. ਰਮਨਦੀਪ ਕੌਰ, ਡਿਪਟੀ ਰਾਜਿਸਟਰਾਰ ਗੁਰਜੋਤ ਸਿੰਘ, ਸਹਾਇਕ ਰਾਜਿਸਟਰਾਰ ਚਰਨਜੀਤ ਸਿੰਘ ਸੋਹੀ, ਅੰਮ੍ਰਿਤਪਾਲ ਸਿੰਘ, ਇੰਸਪੈਕਟਰ ਸੁਰਿੰਦਰ ਸਿੰਘ ਸ਼ਾਮਲ ਰਹੇ। ਡਾ. ਅਮਨਦੀਪ ਸਿੰਘ ਬਰਾੜ ਨੇ ਕੇ.ਵੀ.ਕੇ. ਮੋਗਾ ਵੱਲੋਂ ਐੱਫ.ਪੀ.ਓ. ਸਥਾਪਤ ਕਰਨ ਸੰਬੰਧੀ ਕੀਤੀਆਂ ਗਈਆਂ ਗਤੀਵਿਧੀਆਂ ਬਾਰੇ ਚਾਨਣਾ ਪਾਇਆ। ਡਾ. ਰਮਨਦੀਪ ਕੌਰ ਨੇ ਐੱਫ.ਪੀ.ਓ. ਦੀਆਂ ਗਤੀਵਿਧੀਆਂ ਤੇ ਕੇ.ਵੀ.ਕੇ. ਵੱਲੋਂ ਕੀਤੀ ਗਈ ਮੱਦਦ ਸਬੰਧੀ ਦੱਸਣ ਤੋਂ ਇਲਾਵਾ ਐੱਫ.ਪੀ.ਓ. ਦੇ ਪਾਰਦਰਸ਼ੀ ਕੰਮ ਨੂੰ ਚਲਾਉਣ ਲਈ ਆਨਲਾਈਨ ਅੱਪਗ੍ਰੇਡੇਸ਼ਨ ਬਾਰੇ ਦੱਸਿਆ। ਸ਼੍ਰੀਮਤੀ ਨਿਸ਼ਾ ਰਾਣਾ ਨੇ ਐੱਫ.ਪੀ.ਓ. ਦੇ ਅੱਪਗ੍ਰੇਡੇਸ਼ਨ ਦੀ ਸ਼ਲਾਘਾ ਕੀਤੀ। "ਦੀ ਹਰਿਆਵਲ ਫਾਰਮਰ ਪ੍ਰੋਡੂਸਰ ਸਹਿਕਾਰੀ ਸਭਾ, ਖੋਸਾ ਪਾਂਡੋ" ਦੁਆਰਾ ਤਿਆਰ ਕੀਤੇ ਆਰਗੈਨਿਕ ਹਲਦੀ ਦੇ ਪਾਊਡਰ, ਸ਼ੁੱਧ ਸਰ੍ਹੋਂ ਦੇ ਤੇਲ ਤੇ ਆਚਾਰ ਦੀ ਕੇਂਦਰ ਵੱਲੋਂ ਕਰਵਾਈ ਗਈ ਵਧੀਆ ਪੈਕੇਜਿੰਗ, ਬਰੈਂਡਿੰਗ, ਐੱਫ.ਐੱਸ.ਐੱਸ.ਏ.ਆਈ. ਦੇ ਲਾਇਸੈਂਸ ਦੀ ਹੌਸਲਾ ਅਫ਼ਜ਼ਾਈ ਕੀਤੀ ਗਈ। ਉਨ੍ਹਾ ਕਿਹਾ ਕਿ ਕਿਸਾਨਾਂ ਦੁਆਰਾ ਤਿਆਰ ਪਦਾਰਥ ਜੇਕਰ ਵਧੀਆ ਤਰੀਕੇ ਨਾਲ ਪੈਕ ਕਰਕੇ ਵੇਚੇ ਜਾਣ ਤਾਂ ਵਧੇਰੇ ਮੁਨਾਫਾ ਕਮਾਇਆ ਜਾ ਸਕਦਾ ਹੈ। ਉਨ੍ਹਾਂ 'ਦੀ ਰਾਊ ਫਾਰਮਰ ਪ੍ਰੋਡੂਸਰ ਸਹਿਕਾਰੀ ਸਭਾ, ਰਾਉਕੇ ਕਲਾਂ' ਵੱਲੋਂ ਚਲਾਏ ਜਾ ਰਹੇ ਪ੍ਰੋਸੈਸਿੰਗ ਯੂਨਿਟ ਦੀ ਪ੍ਰਸ਼ੰਸਾ ਕੀਤੀ।

ਇਸ ਯੂਨਿਟ ਵਿੱਚ ਐੱਫ ਪੀ ਓ ਵੱਲੋਂ ਸਰ੍ਹੋਂ ਦੇ ਤੇਲ ਦੀ ਕਢਾਈ ਲਈ ਐਕਸਪੈਲਰ, ਮਸਾਲਾ ਗਰਾਈਂਡਰ, ਡੀਪਫ੍ਰੀਜਰ ਤੇ ਤਾਜੇ ਗੰਨੇ ਦੇ ਰੋਹ ਲਈ ਜੂਸ ਐਕਸਟ੍ਰੈਕਟਰ ਮਸ਼ੀਨ ਸਥਾਪਤ ਕੀਤੀ ਗਈ ਹੈ। ਐੱਫ. ਪੀ. ਓ. ਦੁਆਰਾ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕਸਟਮ ਹਾਇਰਿੰਗ ਤੌਰ 'ਤੇ ਅਤੇ ਮੁੱਲ ਵਧਾਊ ਉਤਪਾਦ ਜਿਵੇਂ ਕਿ ਵੇਸਣ, ਹਲਦੀ, ਮੱਕੀ ਦਾ ਆਟਾ, ਸਰ੍ਹੋਂ ਦਾ ਤੇਲ, ਬਦਾਮਾਂ ਦਾ ਤੇਲ, ਨਾਰੀਅਲ ਦਾ ਤੇਲ ਤਿਆਰ ਕਰਨ ਲਈ ਵੀ ਕੀਤੀ ਜਾਂਦੀ ਹੈ। ਇਨ੍ਹਾਂ ਕਿਸਾਨ ਉਤਪਾਦਕ ਸੰਗਠਨਾਂ ਵਿੱਚ ਜਿੱਥੇ ਕਿਸਾਨ ਵੀਰ ਇਕੱਠੇ ਹੋ ਕੇ ਆਪਣੀ ਜਿਨਸ ਦੀ ਪ੍ਰੋਸੈਸਿੰਗ ਕਰਕੇ ਵਧੇਰੇ ਮੁਨਾਫਾ ਕਮਾਉਂਦੇ ਹਨ ਅਤੇ ਨਾਲ ਹੀ ਇਲਾਕੇ ਵਿੱਚ ਸ਼ੁੱਧ ਮਿਲਾਵਟ ਰਹਿਤ ਉਤਪਾਦ ਪੈਦਾ ਕਰਦੇ ਹਨ। ਇਸ ਸਮੇਂ ਮੌਜੂਦ ਕਿਸਾਨ ਸੰਗਠਨ ਖੋਸਾ ਪਾਂਡੋ ਦੇ ਪ੍ਰਧਾਨ ਅਮਨਦੀਪ ਸਿੰਘ ਤੂਰ ਤੇ ਰਾਊਕੇ ਦੇ ਜਗਰਾਜ ਸਿੰਘ ਨੇ ਖੁਸ਼ੀ ਪ੍ਰਗਟ ਕਰਦਿਆਂ ਇਸ ਕੰਮ ਨੂੰ ਹੋਰ ਅੱਗੇ ਵਧਾਉਣ ਦਾ ਭਰੋਸਾ ਦਵਾਇਆ। ਸ਼੍ਰੀਮਤੀ ਨਿਸ਼ਾ ਰਾਣਾ ਨੇ ਔਰਤਾਂ ਨੂੰ ਵੀ ਇਨ੍ਹਾਂ ਸੰਗਠਨਾਂ ਨਾਲ ਜੁੜਨ ਦੀ ਸਲਾਹ ਦਿੱਤੀ।

ਜ਼ਿਲ੍ਹੇ ਨੂੰ ਹਰਿਆਲੀ ਭਰਪੂਰ ਬਣਾਉਣ ਲਈ ਲਾਏ ਜਾਣਗੇ 5 ਲੱਖ ਬੂਟੇ : ਡੀ ਸੀ

ਸੰਗਰੂਰ (ਪ੍ਰਵੀਨ ਸਿੰਘ)-ਜ਼ਿਲ੍ਹਾ ਸੰਗਰੂਰ

12-Jun-PAGE-3.qxd 6/11/2024 11:32 PM Page 1

ਕਾਂਗਰਸ ਪਾਰਟੀ ਪੰਜਾਬ 'ਚ ਸਭ ਤੋਂ ਵੱਧ ਲੋਕ ਸਭਾ ਸੀਟਾਂ ਜਿੱਤਣ ਵਾਲੀ ਪਾਰਟੀ ਬਣੀ : ਪੰਮਾ, ਗੋਗਾ

ਮਜੀਠਾ (ਸੋਇਮ ਆਨੰਦ)-ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਕਾਂਗਰਸੀ ਉਮੀਦਵਾਰ ਗੁਰਜੀਤ ਸਿੰਘ ਔਜਲਾ ਨੂੰ ਤੀਸਰੀ ਵਾਰ ਜਿਤਾ ਕੇ ਜਿਹੜੀ ਹੈਟ੍ਰਿਕ ਬਣਾਈ ਹੈ ਉਸ ਨਾਲ ਜਿੱਥੇ ਪੰਜਾਬ ਵਿਚ ਕਾਂਗਰਸ ਪਾਰਟੀ ਨੂੰ ਮਜ਼ਬੂਤੀ ਮਿਲੀ ਹੈ ਉਥੇ ਕੇਂਦਰ ਵਿਚ ਵੀ ਵਿਰੋਧੀ ਧਿਰ ਮਜ਼ਬੂਤ ਹੋਈ ਹੈ ਜਿਸ ਨਾਲ ਕਾਂਗਰਸੀ ਵਰਕਰਾਂ ਦਾ ਉਤਸ਼ਾਹ ਹੋਰ ਵਧਿਆ ਹੈ ਜਿਸ ਨੂੰ ਮੁੱਖ ਰੱਖਦਿਆਂ ਹਲਕਾ ਮਜੀਠਾ ਦੇ ਵੱਖ-ਵੱਖ ਪਿੰਡਾਂ ਦੇ ਮੋਹਤਬਰਾਂ ਵਿੱਚ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕਰਨ ਲਈ ਇਕ ਭਰਵਾਂ ਇਕੱਠ ਕੀਤਾ ਹੈ।ਉਕਤ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਸੀਨੀਅਰ ਕਾਂਗਰਸੀ ਆਗੂ ਤੇ ਕੌਂਸਲਰ ਪਰਮਜੀਤ ਸਿੰਘ ਪੰਮਾ ਮਜੀਠਾ ਅਤੇ ਸੀਨੀਅਰ ਕਾਂਗਰਸੀ ਆਗੂ ਜਗਦੀਪ ਸਿੰਘ ਗੋਗਾ ਮਜੀਠਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਸਭ ਤੋਂ ਵੱਧ ਲੋਕ ਸਭਾ ਸੀਟਾਂ ਹਾਸਲ ਕਰਨ ਵਾਲੀ ਪਾਰਟੀ ਬਣੀ ਹੈ ਜਿਸ ਨਾਲ ਆਉਣ ਵਾਲੇ ਦਿਨਾਂ ਵਿਚ ਜਿੰਨੀਆਂ ਵੀ ਚੋਣਾਂ ਹੋਣਗੀਆਂ ਉਸ ਵਿਚ ਕਾਂਗਰਸ ਪਾਰਟੀ ਦੇ ਵਰਕਰਾਂ ਦਾ ਮਨੋਬਲ ਹੋਰ ਉਚਾ ਹੋਵੇਗਾ ਅਤੇ ਸੂਬੇ ਵਿਚ ਵੀ ਹੋਣ ਵਾਲੀਆਂ ਚੋਣਾਂ ਵਿਚ ਭਾਰੀ ਬਹੁਮੱਤ ਨਾਲ ਜਿੱਤ ਕੇ ਲੋਕਾਂ ਦੀਆਂ ਉਮੀਦਾਂ ਤੇ ਖਰੇ ਉਤਰਾਂਗੇ।ਇਸ ਮੌਕੇ ਜਗਦੀਪ ਸਿੰਘ ਗੋਗਾ ਮਜੀਠਾ, ਸਾਬਕਾ ਚੇਅਰਮੈਨ ਮੋਹਨ ਸਿੰਘ ਨਿੱਬਰਵਿੰਡ, ਸਾਬਕਾ ਸਰਪੰਚ ਰਣਜੀਤ ਸਿੰਘ ਮਰੜੀ ਖੁਰਦ, ਸਾਬਕਾ ਸਰਪੰਚ ਪਲਵਿੰਦਰ ਸਿੰਘ ਖੁਜਾਲਾ, ਵੀਰ ਸਿੰਘ ਚਾਟੀਵਿੰਡ ਲੇਹਲ, ਇਕਬਾਲ ਸਿੰਘ ਭੀਲੋਵਾਲ, ਝਿਲਮਿਲ ਸਿੰਘ ਸਾਧਪੁਰਾ, ਸਤਨਾਮ ਸਿੰਘ ਬੁਲਾਰਾ, ਪਰਮਜੀਤ ਸਿੰਘ ਤਨੇਲ, ਰਣਜੀਤ ਸਿੰਘ ਅਰਜਨ ਮਾਂਗਾ, ਹਰਪਿੰਦਰ ਸਿੰਘ ਝਾਮਕਾ, ਕੇਵਲ ਸਿੰਘ ਉਦੋਕੇ, ਅਮਨਦੀਪ ਸਿੰਘ ਮਜੀਠਾ, ਸਵਿੰਦਰ ਸਿੰਘ ਪੰਧੇਰ ਕਲਾ, ਮੱਸਾ ਸਿੰਘ ਗਾਲੋਵਾਲੀ, ਹਰਬੰਸ ਸਿੰਘ ਭੰਗਵਾਂ, ਜਗੀਰ ਸਿੰਘ ਭੋਮਾ, ਕੈਪਟਨ ਦੀਦਾਰ ਸਿੰਘ ਉਮਰਪੁਰਾ, ਹਰਪਿੰਦਰ ਸਿੰਘ ਗੋਸਲ, ਜੈਮਲ ਸਿੰਘ, ਹਰਮਨ ਸਿੰਘ ਨਾਗਾ ਕਲਾਂ, ਗੁਰਦੇਵ ਮਸੀਹ ਦਬੁਰਜੀ, ਬਲਵਿੰਦਰ ਸਿੰਘ ਰੋੜੀ, ਮਨੋਹਰ ਲਾਲ ਗਾਲੋਵਾਲੀ ਕੁੱਲੀਆ, ਕੁਲਜੀਤ ਸਿੰਘ ਟਰਪਈ, ਗਗਨਦੀਪ ਸਿੰਘ ਕੋਟਲਾ ਮੱਝਾ ਸਿੰਘ, ਲਾਡੀ ਕੁਮਾਰ ਪਤਾਲਪੁਰੀ, ਗਿਆਨ ਚੰਦ ਦਿਆਲਪੁਰਾ, ਸੋਨੂੰ ਰਾਮ ਕਰਨਾਲਾ, ਕਰਮਜੀਤ ਸਿੰਘ ਜੇਠੂਨੰਗਲ, ਸਮੇਤ ਵੱਡੀ ਗਿਣਤੀ ਵਿਚ ਕਾਂਗਰਸੀ ਵਰਕਰ ਸ਼ਾਮਲ ਸਨ।

ਅੱਗਜ਼ਨੀ ਦੇ ਪੀੜਤ ਦੁਕਾਨਦਾਰਾਂ ਨੂੰ ਲੈ ਕੇ ਡੀ ਸੀ ਕੋਲ ਪਹੁੰਚੇ ਚੇਅਰਮੈਨ ਰਮਨ ਬਹਿਲ

ਗੁਰਦਾਸਪੁਰ (ਦਿਨੇਸ਼ ਕੁਮਾਰ)-ਗੁਰਦਾਸਪੁਰ ਸ਼ਹਿਰ ਦੇ ਅਮਾਮਵਾੜਾ ਚੌਕ ਵਿੱਚ ਦੋ ਦਿਨ ਪਹਿਲਾਂ ਸ਼ਾਮ ਵੇਲੇ ਲੱਗੀ ਭਿਆਨਕ ਅੱਗ ਕਾਰਨ ਸੱਤ ਦੇ ਕਰੀਬ ਦੁਕਾਨਾਂ ਦਾ ਭਾਰੀ ਨੁਕਸਾਨ ਹੋ ਜਾਣ ਦੇ ਬਾਅਦ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਇਨ੍ਹਾਂ ਪੀੜਤ ਦੁਕਾਨਦਾਰਾਂ ਅਤੇ ਵਪਾਰ ਮੰਡਲ ਨਾਲ ਸੰਬੰਧਿਤ ਹੋਰ ਦੁਕਾਨਦਾਰਾਂ ਦੇ ਨਾਲ ਡਿਪਟੀ ਕਮਿਸ਼ਨਰ ਵਿਸ਼ੇਸ਼ ਸਰੰਗਲ ਨਾਲ ਅਹਿਮ ਮੁਲਾਕਾਤ ਕੀਤੀ।ਇਸ ਮੁਲਾਕਾਤ ਦੌਰਾਨ ਰਮਨ ਪਹਿਲ ਨੇ ਡਿਪਟੀ ਕਮਿਸ਼ਨਰ ਦੇ ਸਾਹਮਣੇ ਦੁਕਾਨਾਂ ਦੀ ਸੁਰੱਖਿਆ ਅਤੇ ਪ੍ਰਭਾਵਿਤ ਦੁਕਾਨਦਾਰਾਂ ਦੇ ਮੁੜ ਵਸੇਬੇ ਲਈ ਅਹਿਮ ਮੁੱਦੇ ਉਠਾਏ ਜਿਸ ਦੇ ਬਾਅਦ ਫੈਸਲਾ ਕੀਤਾ ਗਿਆ ਹੈ ਕਿ ਇਨਾਂ ਪੀੜਤ ਦੁਕਾਨਦਾਰਾਂ ਨੂੰ ਸੀਐੱਮ ਰਿਲੀਫ ਫੰਡ ਵਿੱਚੋਂ ਤੁਰੰਤ ਆਰਥਿਕ ਸਹਾਇਤਾ ਕਰਵਾਉਣ ਲਈ ਕੇਸ ਤਿਆਰ ਕਰਕੇ ਭੇਜਿਆ ਜਾਵੇ।ਦੁਕਾਨਦਾਰਾਂ ਦੇ ਮੁੜ ਵਸੇਬੇ ਅਤੇ ਸੁਰੱਖਿਆ ਨਾਲ ਜੁੜੇ ਅਹਿਮ ਮੁੱਦੇ ਉਠਾਉਂਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਜਦੋਂ ਵੀ ਕਿਸੇ ਦੁਕਾਨ ਨੂੰ ਅੱਗ ਲੱਗਦੀ ਹੈ ਤਾਂ ਦੁਕਾਨਦਾਰ ਤੇ ਦੁੱਖਾਂ ਦਾ ਪਹਾੜ ਟੁੱਟਦਾ ਹੈ। ਅਜਿਹੀ ਸਥਿਤੀ ਵਿੱਚ ਦੁਕਾਨਦਾਰਾਂ ਲਈ ਨਾ ਸਿਰਫ ਆਪਣੇ ਮੁੜ ਵਸੇਬੇ ਦੀ ਵੱਡੀ ਜਿੰਮੇਵਾਰੀ ਨਿਭਾਉਣੀ ਔਖੀ ਹੋ ਜਾਂਦੀ ਹੈ ਸਗੋਂ ਪਰਿਵਾਰ ਦਾ ਗੁਜ਼ਾਰਾ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ।ਉਨ੍ਹਾਂ ਕਿਹਾ ਕਿ ਦੁਕਾਨਦਾਰ ਸਰਕਾਰ ਨੂੰ ਟੈਕਸ ਦਿੰਦੇ ਹਨ, ਰਿਟਰਨਾਂ ਭਰਦੇ ਹਨ।ਪਰ ਦੂਜੇ ਪਾਸੇ ਜਦੋਂ ਉਨਾਂ ਦਾ ਨੁਕਸਾਨ ਹੁੰਦਾ ਹੈ ਤਾਂ

ਉਨਾਂ ਦੀ ਭਰਪਾਈ ਲਈ ਕੋਈ ਵੀ ਅੱਗੇ ਨਹੀਂ ਆਉਂਦਾ।ਇਸ ਲਈ ਹੁਣ ਉਹ ਸੀਐੱਮ ਭਗਵੰਤ ਸਿੰਘ ਮਾਨ ਨੂੰ ਅਪੀਲ ਕਰਨਗੇ ਕਿ ਜਿਸ ਤਰ੍ਹਾਂ ਬਾਕੀ ਹਾਦਸਿਆਂ ਵਿੱਚ ਪੀੜਤਾਂ ਨੂੰ ਵਨ ਟਾਈਮ ਸਹਾਇਤਾ ਦਿੱਤੀ ਜਾਂਦੀ ਹੈ, ਉਸੇ ਤਰ੍ਹਾਂ ਅੱਗਜ਼ਨੀ ਦੀਆਂ ਘਟਨਾਵਾਂ ਵਿੱਚ ਪੀੜਤ ਦੁਕਾਨਦਾਰਾਂ ਨੂੰ ਵੀ ਮਾਲੀ ਮਦਦ ਕਰਨ ਦੀ ਪਾਲਸੀ ਬਣਾਈ ਜਾਵੇ। ਰਮਨ ਬਹਿਲ ਨੇ ਗੁਰਦਾਸਪੁਰ ਅੰਦਰ ਫਾਇਰ ਬ੍ਰਿਗੇਡ ਦੀ ਵਿਵਸਥਾ 'ਤੇ ਵੀ ਕਈ ਸਵਾਲ ਚੁੱਕੇ ਜਿਸ ਤਹਿਤ ਵਪਾਰ ਮੰਡਲ ਵੱਲੋਂ ਡਿਪਟੀ ਕਮਿਸ਼ਨਰ ਨੂੰ ਇੱਕ ਵੱਖਰਾ ਮੈਮੋਰੈਂਡਮ ਵੀ ਦਿੱਤਾ ਗਿਆ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਜਲਦੀ ਹੀ ਇਸ ਸੰਦਰਭ ਵਿੱਚ ਕਾਰਵਾਈ ਸ਼ੁਰੂ ਕਰਨਗੇ ਅਤੇ ਪੀੜਤਾਂ ਨੂੰ ਰਾਹਤ ਦਿਵਾਉਣ ਲਈ ਵੀ ਕੇਸ ਤਿਆਰ ਕਰਕੇ ਸਰਕਾਰ ਨੂੰ ਭੇਜ ਦੇਣਗੇ।ਰਮਨ ਬਹਿਲ ਨੇ ਕਿਹਾ ਕਿ ਉਹ ਖੁਦ ਮੁੱਖ ਮੰਤਰੀ ਤੱਕ ਪਹੁੰਚ ਕਰਕੇ ਇਸ ਕੇਸ ਦੀ ਪੈਰਵਾਈ ਕਰਨਗੇ ਅਤੇ ਪੀੜਤਾਂ ਦੀ ਮਦਦ ਵਿੱਚ ਕੋਈ ਦੇਰੀ ਨਹੀਂ ਹੋਣ ਦੇਣਗੇ।

ਡੀ ਸੀ ਨੇ ਕੋਠੀ ਮਜੀਠੀ ਤੇ ਬਾਊਪੁਰ ਜੱਟਾਂ 'ਚ ਚੱਲ ਰਹੇ ਹੜ੍ਹ ਰੋਕੂ ਪ੍ਰਬੰਧਾਂ ਦਾ ਲਿਆ ਜਾਇਜ਼ਾ

* ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਕੰਮ ਮੁਕੰਮਲ ਕਰਨ ਦੇ ਦਿੱਤੇ ਨਿਰਦੇਸ਼

ਗੁਰਦਾਸਪੁਰ (ਦਿਨੇਸ਼ ਕੁਮਾਰ)-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਵੱਲੋਂ ਪਿੰਡ ਕੋਠੀ ਮਜੀਠੀ (ਬਹਿਰਾਮਪੁਰ) ਅਤੇ ਬਾਊਪੁਰ ਜੱਟਾਂ ਦਾ ਦੌਰਾ ਕਰਕੇ ਓਥੇ ਸ਼ੱਕੀ ਨਾਲੇ ਅਤੇ ਨੌਮਣੀ ਨਾਲੇ ਵਿੱਚ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਕੀਤੇ ਜਾ ਰਹੇ ਕੰਮਾਂ ਦਾ ਨਿਰੀਖਣ ਕੀਤਾ ਗਿਆ।ਇਸ ਮੌਕੇ ਉਨ੍ਹਾਂ ਨਾਲ ਡਰੇਨਜ਼ ਵਿਭਾਗ ਦੇ ਐਕਸੀਅਨ ਦਿਲਪ੍ਰੀਤ ਸਿੰਘ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।ਸਵੇਰੇ ਸਭ ਤੋਂ ਪਹਿਲਾਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਬਹਿਰਾਮਪੁਰ ਨੇੜਲੇ ਪਿੰਡ ਕੋਠੀ ਮਜੀਠੀ ਵਿਖੇ ਪਹੁੰਚੇ ਜਿਥੇ ਸ਼ੱਕੀ ਨਾਲੇ ਵਿਚੋਂ ਗਾਰ ਕੱਢਣ ਅਤੇ ਖਲਾਈ ਦਾ ਕੰਮ ਚੱਲ ਰਿਹਾ ਸੀ। ਡਰੇਨਜ਼ ਵਿਭਾਗ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਸ਼ੱਕੀ ਨਾਲੇ ਦੀ ਕੀਤੀ ਜਾ ਰਹੀ ਸਫ਼ਾਈ ਦਾ ਜਾਇਜ਼ਾ ਲੈਣ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮਾਨਸੂਨ ਤੋਂ ਪਹਿਲਾਂ-ਪਹਿਲਾਂ ਇਸ ਕੰਮ ਨੂੰ ਹਰ ਹਾਲ ਵਿੱਚ ਮੁਕੰਮਲ ਕਰ ਲਿਆ ਜਾਵੇ।ਇਸ ਤੋਂ ਬਾਅਦ ਉਨ੍ਹਾਂ ਨੇ ਗਾਹਲੜੀ ਹੈੱਡਵਰਕਸ ਤੇ ਬਾਊਪੁਰ ਜੱਟਾਂ ਵਿਖੇ ਨੌਮਣੀ ਨਾਲੇ ਦੀ ਖਲਾਈ ਦੇ ਕੰਮ ਦਾ ਜਾਇਜ਼ਾ ਵੀ ਲਿਆ।ਇਸ ਮੌਕੇ ਉਨ੍ਹਾਂ ਸਥਾਨਕ ਲੋਕਾਂ ਨਾਲ ਗੱਲਬਾਤ ਕਰਕੇ ਬੀਤੇ ਸਮਿਆਂ ਵਿੱਚ ਹੜ੍ਹਾਂ ਦੀ ਮਾਰ ਬਾਰੇ ਜਾਣਕਾਰੀ ਵੀ ਹਾਸਲ ਕੀਤੀ।ਹੜ੍ਹ ਰੋਕੂ ਪ੍ਰਬੰਧਾਂ ਦਾ ਜਾਇਜ਼ਾ ਲੈਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਮਾਨਸੂਨ ਦੇ ਮੌਸਮ ਦੌਰਾਨ ਸੰਭਾਵੀ ਹੜ੍ਹਾਂ ਦੇ ਖ਼ਤਰੇ ਤੋਂ ਬਚਣ ਲਈ ਆਪਣੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਹੜ੍ਹਾਂ ਦੇ ਪੱਖ ਤੋਂ ਅਹਿਮ ਸ਼ੱਕੀ ਨਾਲੇ ਅਤੇ ਨੌਮਣੀ ਨਾਲੇ ਦੀ ਸਫ਼ਾਈ ਅਤੇ ਖਲਾਈ ਕੀਤੀ ਜਾ ਰਹੀ ਹੈ।ਇਸ ਤੋਂ ਇਲਾਵਾ ਜ਼ਿਲ੍ਹੇ ਦੇ ਹੋਰ ਵੀ ਸੇਮ-ਨਾਲਿਆਂ ਦੀ ਸਫ਼ਾਈ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ ਦਰਿਆ ਬਿਆਸ ਦੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਦਾ ਕੰਮ ਵੀ ਤੇਜ਼ੀ ਨਾਲ ਚੱਲ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਸਾਰੇ ਹੜ੍ਹ ਰੋਕੂ ਪ੍ਰਬੰਧ ਮਾਨਸੂਨ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਮੁਕੰਮਲ ਕਰ ਲਏ ਜਾਣਗੇ।

ਮੋਦੀ ਸਰਕਾਰ ਨੂੰ ਮਜ਼ਦੂਰਾਂ ਤੇ ਕਿਸਾਨਾਂ ਦੀ ਅਣਦੇਖੀ ਮਹਿੰਗੀ ਪਵੇਗੀ : ਭਾਗੋਕਾਵਾਂ

ਬਟਾਲਾ (ਤਰਲੋਕ ਬੱਗਾ)-ਫ਼ੈਜ਼ਪੁਰਾ ਰੋਡ ਵਿਖੇ ਪੰਜਾਬ ਕਿਸਾਨ ਯੂਨੀਅਨ ਮਾਝਾ ਦੁਆਬਾ ਜ਼ੋਨ ਦੀ ਇਕੱਤਰਤਾ ਅਸ਼ੋਕ ਮਹਾਜਨ, ਬਲਵਿੰਦਰ ਕੌਰ, ਚਰਨਜੀਤ ਸਿੰਘ ਅਜਨਾਲਾ, ਮਹਿੰਦਰ ਸਿੰਘ ਕਪੂਰਥਲਾ, ਮੰਗਲ ਸਿੰਘ ਅਟਾਰੀ ਅਤੇ ਮੰਗਲ ਸਿੰਘ ਧਰਮਕੋਟ ਦੀ ਸਾਂਝੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਸਮੇਂ ਕਿਸਾਨਾਂ, ਮਜ਼ਦੂਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਕਿਸਾਨ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਸੁਖਦੇਵ ਸਿੰਘ ਭਾਗੋਕਾਵਾਂ, ਬਲਬੀਰ ਮੂਧਲ, ਅਸ਼ਵਨੀ ਲੱਖਣ ਕਲਾਂ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਇੰਡੀਆ ਗਠਜੋੜ ਦੇ ਜ਼ਬਰਦਸਤ ਚੋਣ ਸੰਘਰਸ਼ ਕਾਰਣ ਦੇਸ਼ ਵਿਚ ਭਾਜਪਾ ਨੂੰ ਸਰਕਾਰ ਬਣਾਉਣ ਲਈ ਬਹੁਮਤ ਨਾ ਮਿਲਣਾਂ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਦੀ ਰਾਖੀ ਦਾ ਵਰਤਾਰਾ ਹੈ।ਭਾਜਪਾ ਨੂੰ ਇਹ ਝਟਕਾ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਪੱਛਮੀ ਯੂ ਪੀ ਦੇ ਕਿਸਾਨੀ ਸੰਘਰਸ਼ ਨੇ ਦਿੱਤਾ ਹੈ।ਆਗੂਆਂ ਕਿਹਾ ਕਿ ਨਵੀਂ ਦਿੱਲੀ ਵਿਚ ਨਵੀਂ ਬਣੀ ਐੱਨ. ਡੀ. ਏ. ਦੀ ਸਰਕਾਰ ਨੂੰ ਭਲੀਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਮਜ਼ਦੂਰਾਂ ਕਿਸਾਨਾਂ ਨੂੰ ਅਣਗੌਲਿਆਂ ਕਰਨਾ ਮਹਿੰਗਾ ਪੈਂਦਾ ਹੈ।ਇਸ ਸਮੇਂ ਮੰਗ ਕੀਤੀ ਗਈ ਕਿ ਸਰਕਾਰ ਕਿਸਾਨਾਂ ਦੀਆਂ ਫਸਲਾਂ ਲਈ ਐੱਮ. ਐੱਸ. ਪੀ. ਨੂੰ ਕਨੂੰਨੀ ਗਰੰਟੀ ਦਿੱਤੀ ਜਾਵੇ, ਮਜ਼ਦੂਰਾਂ ਕਿਸਾਨਾਂ ਦੇ ਸਰਕਾਰੀ ਅਤੇ ਗੈਰ-ਸਰਕਾਰੀ ਕਰਜ਼ਿਆਂ ਤੇ ਲਕੀਰ ਫੇਰੀ ਜਾਵੇ,

ਪੰਜਾਬ ਅਤੇ ਦੇਸ਼ ਵਿਚ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਲਈ ਲੱਖਾਂ ਖਾਲੀ ਪਈਆਂ ਸੀਟਾਂ ਪੁਰ ਕੀਤੀਆਂ ਜਾਣ, ਐੱਨ. ਡੀ. ਏ. ਸਰਕਾਰ ਫੌਜੀ ਭਰਤੀ ਲਈ ਅਗਨੀਵੀਰ ਸਕੀਮ ਨੂੰ ਵਾਪਸ ਲਵੇ, ਪੰਜਾਬ ਦੇ ਸਿਆਸੀ ਮੁੱਦਿਆਂ ਨੂੰ, ਚੰਡੀਗੜ੍ਹ ਰਾਜਧਾਨੀ ਪੰਜਾਬ ਨੂੰ ਦੇਣ, ਡੈਮਾਂ ਦਾ ਪ੍ਰਬੰਧ ਪੰਜਾਬ ਹਵਾਲੇ ਕੀਤਾ ਜਾਵੇ, ਪੰਜਾਬੀ ਬੋਲਦੇ ਇਲਾਕੇ ਪੰਜਾਬ ਨੂੰ ਦੇਣ ਅਤੇ ਦਰਿਆਈ ਪਾਣੀਆਂ ਦਾ ਠੋਸ ਹੱਲ ਕਰਨ ਆਦਿ ਨੂੰ ਪੂਰਾ ਕੀਤਾ ਜਾਵੇ।ਇਕ ਮਤੇ ਵਿੱਚ ਮੰਗ ਕੀਤੀ ਗਈ ਕਿ ਡੇਰਾ ਬਾਬਾ ਨਾਨਕ ਤਹਿਸੀਲ ਦੇ ਪਿੰਡ ਖੰਨਾ ਚਮਾਰਾਂ ਅਤੇ ਰਾਮਦੀਵਾਲੀ ਦੇ ਐੱਸ. ਜੀ. ਪੀ. ਸੀ. ਦੇ ਮੁਜਾਰੇ ਕਿਸਾਨਾਂ ਦੇ ਐੱਸ. ਡੀ. ਐੱਮ. ਦਫਤਰ ਡੇਰਾ ਬਾਬਾ ਨਾਨਕ ਠੇਕੇ ਜਮਾਂ ਕਰੇ।ਇਸ ਸਮੇਂ ਸੁਖਦੇਵ ਸਿੰਘ ਮਿਆਦੀਆਂ, ਚਰਨਜੀਤ ਸਿੰਘ ਭਿੰਡਰ, ਗੁਰਦੀਪ ਸਿੰਘ ਕਾਮਲਪੁਰਾ, ਪੂਰਨ ਸਿੰਘ, ਨਿਰਮਲ ਸਿੰਘ ਛੱਜਲਵੱਡੀ, ਵਿਜੇ ਸੋਹਲ, ਕੁਲਦੀਪ ਰਾਜੂ, ਗੁਲਜ਼ਾਰ ਸਿੰਘ ਭੁੰਬਲੀ, ਬਲਵਿੰਦਰ ਸਿੰਘ ਵਿਲਾ ਕੋਠੀ, ਦਲਵਿੰਦਰ ਸਿੰਘ ਪੰਨੂ ਅਤੇ ਲੱਖਾਂ ਸਿੰਘ ਬੱਖਤਪੁਰਾ ਹਾਜ਼ਰ ਸਨ।

ਅਥਾਹ ਸ਼ਰਧਾ ਭਾਵਨਾ ਨਾਲ ਮਨਾਇਆ ਸੰਗਤਾਂ ਨੇ ਬ੍ਰਹਮਗਿਆਨੀ ਬਾਬਾ ਪੰਜਾਬ ਸਿੰਘ ਦਾ ਜੋੜ ਮੇਲਾ

ਝਬਾਲ (ਹਰਜਿੰਦਰ ਸਿੰਘ ਸੋਨੀ)-ਪਿੰਡ ਭੁੱਚਰ ਕਲਾਂ ਵਿਖੇ ਬ੍ਰਹਮਗਿਆਨੀ ਬਾਬਾ ਪੰਜਾਬ ਸਿੰਘ ਦਾ ਸਾਲਾਨਾ ਜੋੜ ਮੇਲਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।ਉਪਰੰਤ ਦੀਵਾਨ ਹਾਲ ਵਿੱਚ ਦੀਵਾਨ ਸਜਾਏ ਗਏ ਜਿਸ ਵਿੱਚ ਰਾਗੀ, ਢਾਡੀ ਕਵੀਸ਼ਰ, ਕਥਾਵਾਚਕ, ਰਾਗੀ ਪਵਨਪ੍ਰੀਤ ਕੌਰ ਖਾਪੜ ਖੇੜੀ, ਭਾਈ ਕਾਬਲ ਸਿੰਘ ਨਾਰਲੀ, ਰਾਗੀ, ਹਜ਼ੂਰੀ ਰਾਗੀ ਭਾਈ ਗੁਰਵੇਲ ਸਿੰਘ, ਭਾਈ ਕਾਬਲ ਸਿੰਘ ਨਾਰਲੀ, ਜੱਸਾ ਸਿੰਘ ਮਨਿਆਲਾ, ਭਾਈ ਅਮਰਜੀਤ ਸਿੰਘ ਸੁਰਸਿੰਘ, ਭਾਈ ਗੁਰਸਾਹਬ ਸਿੰਘ ਮਾੜੀਮੇਘਾ, ਭਾਈ ਗੁਰਨਾਮ ਸਿੰਘ ਮਨਿਆਲਾ, ਭਾਈ ਇੱਜਤਪਾਲ ਸਿੰਘ ਭੁੱਚਰ, ਢਾਡੀ ਸਤਨਾਮ ਸਿੰਘ ਲਾਲੂਘੁੰਮਣ ਨੇ ਬ੍ਰਹਮਗਿਆਨੀ ਬਾਬਾ ਪੰਜਾਬ ਸਿੰਘ ਦਾ ਜੀਵਨ ਇਤਿਹਾਸ ਸੁਣ ਕੇ ਸੰਗਤਾਂ ਨੂੰ ਨਿਹਾਲ ਕੀਤਾ।ਉਚੇਚੇ ਤੌਰ 'ਤੇ ਦੂਰੋਂ ਨੇੜਿਓਂ ਸੰਗਤਾਂ ਨੇ ਹਾਜ਼ਰੀ ਭਰੀ।ਸ਼ਾਮ ਦੇ ਟਾਇਮ ਕਬੱਡੀ ਦੇ ਮੈਚ ਕਰਵਾਏ ਗਏ।ਜਿੱਤਣ ਵਾਲੀਆਂ ਟੀਮਾਂ ਨੂੰ ਨਗਦ ਇਨਾਮ ਦਿੱਤੇ ਗਏ।ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਮਨਜੀਤ ਸਿੰਘ ਤੋਂ ਇਲਾਵਾ ਜਥੇਦਾਰ ਗੁਰਭੇਜ ਸਿੰਘ, ਜਥੇਦਾਰ ਸ਼ਮਸ਼ੇਰ ਸਿੰਘ, ਪ੍ਰਗਟ ਸਿੰਘ, ਗੁਰਦੇਵ ਸਿੰਘ, ਲਖਵਿੰਦਰ ਸਿੰਘ; ਸਰਪੰਚ ਬਲਵਿੰਦਰ ਸਿੰਘ, ਜਗਬੀਰ ਸਿੰਘ ਯੂ

ਨਵਾਂ ਜ਼ਮਾਨਾ
ਬੁੱਧਵਾਰ, 12 ਜੂਨ 2024

ਸੰਘਵਾਦ ਦੀ ਭਾਵਨਾ ਦਾ ਪ੍ਰਗਟਾਵਾ

ਮੌਜੂਦਾ ਲੋਕ ਸਭਾ ਚੋਣਾਂ ਵਿੱਚ ਭਾਰਤ ਦੇ ਲੋਕਾਂ ਨੇ ਸੰਘਵਾਦੀ ਢਾਂਚੇ ਦੀ ਮਜ਼ਬੂਤੀ ਦੇ ਹੱਕ ਵਿੱਚ ਫਤਵਾ ਦਿੱਤਾ ਹੈ। ਬੇਸ਼ੱਕ ਕੌਮੀ ਪੱਧਰ 'ਤੇ ਦੋ ਪਾਰਟੀਆਂ; ਭਾਜਪਾ ਤੇ ਕਾਂਗਰਸ ਦਾ ਬੋਲਬਾਲਾ ਨਜ਼ਰ ਆਉਂਦਾ ਹੈ, ਪਰ ਇਨ੍ਹਾਂ ਤੋਂ ਇਲਾਵਾ 46 ਹੋਰ ਪਾਰਟੀਆਂ ਦੇ ਉਮੀਦਵਾਰ ਤੇ ਅਜ਼ਾਦ ਵੀ ਚੋਣ ਜਿੱਤ ਕੇ ਸਾਂਸਦ ਬਣੇ ਹਨ। ਇਨ੍ਹਾਂ ਚੋਣਾਂ ਵਿੱਚ ਭਾਜਪਾ ਨੇ 441 ਸੀਟਾਂ ਲੜ ਕੇ 240 ਤੇ ਕਾਂਗਰਸ ਨੇ 285 ਸੀਟਾਂ ਲੜ ਕੇ 99 ਜਿੱਤੀਆਂ ਹਨ। ਭਾਜਪਾ ਦਾ ਵੋਟ ਹਿੱਸਾ 36.56 ਫੀਸਦੀ ਤੇ ਕਾਂਗਰਸ ਦਾ ਵੋਟ ਹਿੱਸਾ 21.19 ਫੀਸਦੀ ਰਿਹਾ ਹੈ। ਇਸ ਤਰ੍ਹਾਂ ਇਨ੍ਹਾਂ ਦਾ ਜੋੜ 57.75 ਬਣਦਾ ਹੈ। ਇਸ ਦਾ ਮਤਲਬ ਹੈ ਕਿ 42.25 ਫੀਸਦੀ ਵੋਟਰਾਂ ਨੇ ਕੇਂਦਰਵਾਦੀ ਪਾਰਟੀਆਂ ਦੀ ਥਾਂ ਖੇਤਰੀ ਪਾਰਟੀਆਂ ਨੂੰ ਪਹਿਲ ਦਿੱਤੀ ਹੈ।

ਭਾਜਪਾ ਤੇ ਕਾਂਗਰਸ ਦੋਵਾਂ ਨੇ ਹੀ ਆਪਣੇ-ਆਪਣੇ ਰਾਜ ਦੌਰਾਨ ਕੇਂਦਰਵਾਦ ਨੂੰ ਮਜ਼ਬੂਤ ਕਰਕੇ ਸੰਘਵਾਦ ਨੂੰ ਕਮਜ਼ੋਰ ਕਰਨ ਦਾ ਰਾਹ ਅਪਣਾਈ ਰੱਖਿਆ ਸੀ। ਭਾਜਪਾ ਸੱਤਾ ਵਿੱਚ ਆਉਣ ਤੋਂ ਬਾਅਦ ਇਸ ਪਾਸੇ ਤੇਜ਼ੀ ਨਾਲ ਵਧਦੀ ਰਹੀ ਹੈ। ਧਾਰਾ 370 ਦਾ ਖਾਤਮਾ, ਕਸ਼ਮੀਰ ਤੋਂ ਰਾਜ ਦਾ ਦਰਜਾ ਖੋਹਣਾ, ਰਾਜਾਂ ਨੂੰ ਆਰਥਕ ਤੌਰ 'ਤੇ ਕੇਂਦਰ ਦੇ ਅਧੀਨ ਕਰ ਦੇਣ ਵਾਲੇ ਕਾਨੂੰਨ ਤੇ ਸਭ ਤੋਂ ਖ਼ਤਰਨਾਕ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਆਉਣਾ, ਇਸ ਦੀਆਂ ਉੱਘੜਵੀਆਂ ਮਿਸਾਲਾਂ ਹਨ। ਸਮਾਨ ਨਾਗਰਿਕ ਕਾਨੂੰਨ ਵੀ ਇਸੇ ਸੇਧ ਵਿੱਚ ਹੈ।

ਭਾਜਪਾ ਦੀ ਹਮੇਸ਼ਾ ਇਹ ਪਹੁੰਚ ਰਹੀ ਹੈ ਕਿ ਪਹਿਲਾਂ ਖੇਤਰੀ ਪਾਰਟੀਆਂ ਦੇ ਮੋਢੀਂ ਚੜ੍ਹ ਕੇ ਸੱਤਾ ਉਤੇ ਪੁੱਜੋ ਤੇ ਫਿਰ ਉਨ੍ਹਾਂ ਨੂੰ ਹੀ ਨਿਗਲ ਜਾਓ। ਪੰਜਾਬ ਦਾ ਸ਼੍ਰੋਮਣੀ ਅਕਾਲੀ ਦਲ, ਤਾਮਿਲਨਾਡੂ ਦੀ ਅੰਨਾ ਡੀ ਐੱਮ ਕੇ, ਹਰਿਆਣਾ ਦੀ ਜੇ ਜੇ ਪੀ ਤੇ ਮਹਿਬੂਬਾ ਮੁਫ਼ਤੀ ਦੀ ਪੀ ਡੀ ਪੀ ਇਸੇ ਨੀਤੀ ਦਾ ਸ਼ਿਕਾਰ ਹੋ ਕੇ ਅੱਜ ਹੋਂਦ ਕਾਇਮ ਰੱਖਣ ਲਈ ਜੂਝ ਰਹੀਆਂ ਹਨ। ਇੱਕੋ-ਇੱਕ ਸ਼ਿਵ ਸੈਨਾ ਊਧਵ ਠਾਕਰੇ ਹੈ, ਜਿਸ ਨੇ ਸਮੇਂ ਸਿਰ ਭਾਜਪਾ ਤੋਂ ਦੂਰੀ ਬਣਾ ਕੇ ਆਪਣੇ ਆਪ ਨੂੰ ਬਚਾ ਲਿਆ ਹੈ। ਭਾਜਪਾ ਨਾਲ ਜੁੜੀਆਂ ਐੱਨ ਡੀ ਏ ਦੀਆਂ ਅਵਸਰਵਾਦੀ ਧਿਰਾਂ ਦਾ ਵੀ ਆਉਣ ਵਾਲੇ ਸਮੇਂ ਵਿੱਚ ਇਹੋ ਹਾਲ ਹੋਵੇਗਾ, ਜੇਕਰ ਉਹ ਸਮੇਂ ਸਿਰ ਭਾਜਪਾ ਤੋਂ ਕਿਨਾਰਾ ਨਹੀਂ ਕਰਨਗੀਆਂ।

ਭਾਜਪਾ ਨੇ 2024 ਦੀਆਂ ਚੋਣਾਂ ਵਿੱਚ ਵੀ ਆਪਣੀ ਇਹੋ ਵਿਸਥਾਰਵਾਦੀ ਨੀਤੀ ਜਾਰੀ ਰੱਖੀ ਸੀ। ਆਪਣੇ ਭਾਈਵਾਲਾਂ ਨੂੰ ਸਿਰਫ਼ 100 ਸੀਟਾਂ ਦਿੱਤੀਆਂ, ਜਿਨ੍ਹਾਂ ਵਿੱਚੋਂ ਅੱਧੀਆਂ ਤੋਂ ਵੱਧ ਤਿੰਨ ਪਾਰਟੀਆਂ ਜਨਤਾ ਦਲ ਯੂ, ਟੀ ਡੀ ਪੀ ਤੇ ਸ਼ਿਵ ਸੈਨਾ ਦੀਆਂ ਸਨ। ਦੂਜੇ ਪਾਸੇ ਕਾਂਗਰਸ ਪਾਰਟੀ ਨੇ ਵੱਖਰੀ ਪਹੁੰਚ ਅਪਣਾਉਂਦਿਆਂ ਖੇਤਰੀ ਪਾਰਟੀਆਂ ਨੂੰ ਵੱਧ ਸੀਟਾਂ ਦਿੱਤੀਆਂ ਸਨ। 'ਇੰਡੀਆ' ਗੱਠਜੋੜ ਦੇ ਕਾਂਗਰਸ ਤੋਂ ਇਲਾਵਾ ਦੂਜੇ ਦਲਾਂ ਨੇ 258 ਸੀਟਾਂ ਲੜੀਆਂ ਸਨ, ਭਾਵੇਂ ਕਿ ਬੰਗਾਲ ਤੇ ਕੇਰਲਾ ਵਿੱਚ ਇਹ ਆਪਸੀ ਮੁਕਾਬਲੇ ਵਿੱਚ ਸਨ। ਕਾਂਗਰਸ ਨੇ ਕੁਝ ਰਾਜਾਂ ਵਿੱਚ ਹੋਰ ਪਾਰਟੀਆਂ ਨੂੰ ਨਾਲ ਨਾ ਜੋੜ ਕੇ ਗਲਤੀਆਂ ਵੀ ਕੀਤੀਆਂ ਹਨ। ਤੇਲੰਗਾਨਾ ਤੇ ਛੱਤੀਸਗੜ੍ਹ ਵਿੱਚ ਕਮਿਊਨਿਸਟਾਂ ਨੂੰ ਨਾਲ ਜੋੜਨਾ ਚਾਹੀਦਾ ਸੀ। ਰਾਜਸਥਾਨ ਵਿੱਚ ਭਾਰਤ ਆਦਿਵਾਸੀ ਪਾਰਟੀ ਨੂੰ ਇੱਕ ਸੀਟ ਦਿੱਤੀ, ਪਰ ਉਹ ਹੋਰ ਚਾਰਾਂ 'ਤੇ ਲੜੀ, ਜਿਸ ਨਾਲ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿੱਚ ਵੀ ਉਸ ਦਾ ਤਕੜਾ ਆਧਾਰ ਹੈ। ਮਹਾਰਾਸ਼ਟਰ ਵਿੱਚ ਵੰਚਿਤ ਬਹੁਜਨ ਅਗਾੜੀ ਨੇ ਗੱਠਜੋੜ ਦੀਆਂ 4 ਸੀਟਾਂ ਹਰਾਈਆਂ ਹਨ, ਉਸ ਨਾਲ ਸਮਝੌਤਾ ਤੋੜਨਾ ਨਹੀਂ ਸੀ ਚਾਹੀਦਾ। ਇਸ ਦੇ ਬਾਵਜੂਦ ਕਾਂਗਰਸ ਦਾ ਵੋਟ ਸ਼ੇਅਰ 2019 ਦੀ ਤੁਲਨਾ ਵਿੱਚ 2 ਫ਼ੀਸਦੀ ਤੇ ਸੀਟਾਂ 55 ਵਧੀਆਂ ਹਨ, ਜਦੋਂ ਕਿ ਭਾਜਪਾ ਦਾ ਵੋਟ ਸ਼ੇਅਰ 2 ਫ਼ੀਸਦੀ ਤੇ ਸੀਟਾਂ 63 ਘਟੀਆਂ ਹਨ।

ਇਨ੍ਹਾਂ ਚੋਣਾਂ ਵਿੱਚ ਖੇਤਰੀ ਪਾਰਟੀਆਂ ਤੇ ਅਜ਼ਾਦਾਂ ਨੇ ਮਿਲਾ ਕੇ 204 ਸੀਟਾਂ ਜਿੱਤੀਆਂ ਹਨ। ਇਨ੍ਹਾਂ ਵਿੱਚੋਂ 135 'ਇੰਡੀਆ' ਗੱਠਜੋੜ ਤੇ 58 ਐੱਨ ਡੀ ਏ ਨਾਲ ਹਨ। ਨਵੀਂ ਸੰਸਦ ਵਿੱਚ ਇਨ੍ਹਾਂ 204 ਸਾਂਸਦਾਂ ਦਾ ਅਹਿਮ ਰੋਲ ਹੋਵੇਗਾ। ਇਨ੍ਹਾਂ ਨੂੰ ਸੰਘਵਾਦ ਉੱਤੇ ਹੋਣ ਵਾਲੇ ਸੰਭਾਵਤ ਹਮਲਿਆਂ ਲਈ ਸੰਘਰਸ਼ ਕਰਨਾ ਪਵੇਗਾ। ਇਨ੍ਹਾਂ ਚੋਣਾਂ ਦਾ ਸਭ ਪਾਰਟੀਆਂ ਨੂੰ ਇਹ ਸੁਨੇਹਾ ਹੈ ਕਿ ਜੇਕਰ ਉਨ੍ਹਾਂ ਦੇਸ਼ ਉੱਤੇ ਰਾਜ ਕਰਨਾ ਹੈ ਤਾਂ ਸੰਘਵਾਦ ਦੀ ਭਾਵਨਾ ਅਨੁਸਾਰ ਅੱਗੇ ਵਧਣਾ ਪਵੇਗਾ। ਇਹ 42 ਫੀਸਦੀ ਵੋਟ ਅਗਲੀਆਂ ਚੋਣਾਂ ਵਿੱਚ ਇੱਕ ਵੱਡਾ ਵੋਟ ਬੈਂਕ ਬਣ ਕੇ ਉੱਭਰ ਸਕਦੀ ਹੈ। ਇਸ ਕਰਕੇ ਅਗਲਾ ਭਵਿੱਖ ਉਨ੍ਹਾਂ ਪਾਰਟੀਆਂ ਦਾ ਹੋਵੇਗਾ, ਜੋ ਵਿਕੇਂਦਰੀਕਰਨ, ਸੰਘੀ ਢਾਂਚੇ ਤੇ ਪੰਚਾਇਤੀ ਅਧਿਕਾਰਾਂ ਨੂੰ ਆਪਣੀ ਢਾਲ ਬਣਾ ਕੇ ਜਨਤਾ ਨੂੰ ਇਹ ਵਿਸ਼ਵਾਸ ਦੇਣਗੀਆਂ ਕਿ ਹੁਣ ਰਾਜ ਦਿੱਲੀ ਤੋਂ ਹੀ ਨਹੀਂ, ਤੁਹਾਡੇ ਸ਼ਹਿਰਾਂ ਤੇ ਪਿੰਡਾਂ ਵਿੱਚੋਂ ਵੀ ਚੱਲੇਗਾ।

-ਚੰਦ ਫਤਿਹਪੁਰੀ

ਨਵੇਂ ਨਗੀਨੇ !

ਗੁੰਡੇ ਕਾਬਜ਼ ਮਹਿਲ 'ਤੇ, ਕਿਰਤੀ ਚਾਰਨ ਵਗ,
ਸਿਰੋਂ ਦੁਪੱਟੇ ਲਹਿ ਰਹੇ, ਸ਼ਰਮਸਾਰ ਹੈ ਪੱਗ।
ਭੇਖ ਬਦਲ ਕੇ ਲੁੱਟਦੇ, ਨਿੱਤ ਪੰਜਾਬ ਨੂੰ ਠੱਗ,
ਪਾਣੀ-ਪਾਣੀ ਵਿਲਕਦੇ, ਹੱਥ 'ਚ ਫੜ ਕੇ ਅੱਗ।
ਅਕਲਾਂ ਵਾਲੇ ਬਣ ਗਏ, ਸਿਰੇ ਦੇ ਲਾਈਲੱਗ,
ਜਾ ਕੇ ਪੂਜਾ ਘਰਾਂ 'ਚ, ਟੁੱਟ ਗਿਆ ਹੈ ਤੱਗ,
ਮੂੰਹ 'ਚੋਂ ਜਾਂਦੀ ਵਿਸ਼ ਦੀ, ਰੰਗਦਾਰ ਇੱਕ ਝੱਗ।
ਹੱਥ ਰੱਖਿਆ ਨਬਜ਼ 'ਤੇ, ਚਲਦੀ ਹੈ ਸਾਹ ਰਗ,
ਆਪਣੇ ਹੱਥੀਂ ਵੇਚ'ਤਾ, ਖੁਦ ਪੰਜਾਬ ਦਾ ਨਗ।
ਨਵੇਂ ਨਗੀਨੇ ਦੇਖ ਕੇ, ਹੱਸਦਾ ਹੈ ਨਿੱਜ ਜੱਗ।

-ਗੁਲਪੁਰ

ਫੌਹੜੀਆਂ ਵਾਲੀ ਸਰਕਾਰ ਬਨਾਮ ਲੋਕਤੰਤਰ

ਗੁਰਮੀਤ ਸਿੰਘ ਪਲਾਹੀ

ਕਿਹਾ ਜਾ ਰਿਹਾ ਹੈ ਕਿ ਦੇਸ਼ ਵਿੱਚ ਲੋਕਤੰਤਰ ਦੀ ਵੱਡੀ ਜਿੱਤ ਹੋਈ ਹੈ। ਇਹ ਹੀ ਕਿਹਾ ਜਾ ਰਿਹਾ ਹੈ ਕਿ ਆਪਣੇ-ਆਪ ਨੂੰ ਭਾਰਤ ਨੂੰ ਬਚਾਉਣ ਲਈ ਭੇਜੇ ਗਏ 'ਰਾਜੇ ਨਰੇਂਦਰ ਮੋਦੀ' ਨੂੰ ਹੁਣ ਪਾਰਲੀਮੈਂਟ ਵਿੱਚ ਵਿਰੋਧੀ ਧਿਰ ਦੀ ਅਵਾਜ਼ ਵੀ ਸੁਣਨੀ ਪਏਗੀ। ਹੁਣ ਪਾਰਲੀਮੈਂਟ ਵਿੱਚ ਕਾਨੂੰਨ ਪੂਰੀ ਬਹਿਸ ਅਤੇ ਵਿਚਾਰ-ਵਟਾਂਦਰੇ ਤੋਂ ਬਾਅਦ ਬਨਣਗੇ, ਉਵੇਂ ਨਹੀਂ ਜਿਵੇਂ ਪਿਛਲੇ ਦਹਾਕੇ 'ਚ ਮੋਦੀ ਸਰਕਾਰ ਨੇ ਬਣਾਏ ਹਨ। ਇਵੇਂ ਵੀ ਨਹੀਂ ਕਿ ਰਾਤ ਨੂੰ ਸੁਫ਼ਨਾ ਆਇਆ ਅਤੇ ਨੋਟਬੰਦੀ ਕਰ ਦਿੱਤੀ ਜਾਂ ਬਿਨਾਂ ਕਿਸੇ ਨਾਲ ਸਲਾਹ ਕੀਤਿਆਂ ਨਾਗਰਿਕਤਾ ਕਾਨੂੰਨ (ਸੀ ਏ ਏ) ਪਾਸ ਕਰ ਦਿੱਤਾ, ਆਦਿ-ਆਦਿ।

ਕੀ ਐੱਨ ਡੀ ਏ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੱਚਮੁੱਚ ਲੋਕਤੰਤਰੀ ਢੰਗ ਅਪਨਾਉਣਗੇ ਜਾਂ ਫਿਰ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ ਦੀਆਂ ਇਲਾਕਾਈ ਪਾਰਟੀਆਂ ਅਤੇ ਇੰਡੀਆ ਗੱਠਜੋੜ ਦੇ ਸਿਆਸੀ ਦਲਾਂ 'ਚ ਟੁੱਟ-ਭੱਜ ਕਰਕੇ ਆਪਣੇ ਬਲਬੂਤੇ ਆਪਣੀ ਪਾਰਟੀ ਦਾ 272 ਅੰਕੜਾ ਪੂਰਾ ਕਰਕੇ ਮੁੜ ਉਹਨਾਂ ਕੰਮਾਂ ਉਤੇ ਚਲਣਗੇ, ਜਿਸ ਦੀ ਆਦਤ ਉਹਨਾ ਨੂੰ ਗੁਜਰਾਤ ਦਾ ਮੁੱਖ ਮੰਤਰੀ ਹੁੰਦਿਆਂ ਜਾਂ ਦੇਸ਼ ਦਾ ਇੱਕ ਦਹਾਕੇ ਦਾ ਪ੍ਰਧਾਨ ਮੰਤਰੀ ਬਣਿਆ ਪੈ ਚੁੱਕੀ ਹੈ।

ਨਰਿੰਦਰ ਮੋਦੀ ਦੇਸ਼ ਦੇ ਪ੍ਰਧਾਨ ਮੰਤਰੀ ਦੇ ਤੌਰ 'ਤੇ ਤੀਜੀ ਪਾਰੀ ਖੇਡਣਗੇ। ਉਹਨਾ ਦੀ ਸਿਆਸੀ ਧਿਰ ਭਾਰਤੀ ਜਨਤਾ ਪਾਰਟੀ ਨੇ 2024 ਦੀਆਂ ਲੋਕ ਸਭਾ ਚੋਣਾਂ 'ਚ 240 ਸੀਟਾਂ ਪ੍ਰਾਪਤ ਕੀਤੀਆਂ, ਬਿਹਾਰ ਵਾਲੇ ਨਿਤੀਸ਼ ਕੁਮਾਰ ਦੀਆਂ 12 ਅਤੇ ਆਂਧਰਾ ਪ੍ਰਦੇਸ਼ ਦੇ ਚੰਦਰ ਬਾਬੂ ਨਾਇਡੂ ਦੀਆਂ 16, ਬਿਹਾਰ ਦੇ ਪਾਸਵਾਨ ਦੀਆਂ 5 ਸੀਟਾਂ ਅਤੇ ਕੁਝ ਹੋਰ ਛੋਟੇ ਦਲਾਂ ਦੀਆਂ ਸੀਟਾਂ ਲੈ ਕੇ ਉਹਨਾ ਕੇਂਦਰੀ ਵਜ਼ਾਰਤ ਬਣਾਉਣ ਲਈ 272 ਦਾ ਜਾਦੂਈ ਅੰਕੜਾ ਪਾਰ ਕਰਕੇ ਫੌਹੜੀਆਂ ਵਾਲੀ ਵਜ਼ਾਰਤ ਦੀ ਅਗਵਾਈ ਕਰਨੀ ਹੈ।

ਚਾਰ ਸੌ ਦਾ ਅੰਕੜਾ ਲੋਕ ਸਭਾ 'ਚ ਪ੍ਰਾਪਤ ਕਰਨ ਦੀਆਂ ਟਾਹਰਾਂ ਮਾਰਨ ਵਾਲੀ ਭਾਜਪਾ ਢਾਈ ਸੌ ਦਾ ਅੰਕੜਾ ਵੀ ਪਾਰ ਨਹੀਂ ਕਰ ਸਕੀ ਅਤੇ ਦੇਸ਼ ਦੇ 100 ਕਰੋੜ ਵੋਟਰਾਂ ਵਿਚੋਂ 62 ਕਰੋੜ ਪਾਈਆਂ ਗਈਆਂ ਵੋਟਾਂ ਵਿਚੋਂ ਉਹਨਾਂ ਦੀ ਪਾਰਟੀ ਇੱਕ ਤਿਹਾਈ ਵੋਟਾਂ ਹੀ ਪ੍ਰਾਪਤ ਕਰ ਸਕੀ ਅਤੇ ਹੁਣ ਦੇਸ਼ ਦੀ ਸ਼ਾਸਕ ਬਣ ਬੈਠੀ । ਹੁਣ ਮੋਦੀ ਦੀ ਮਜਬੂਰੀ ਬਣਦੀ ਜਾ ਰਹੀ ਹੈ ਕਿ ਮੌਜੂਦਾ ਐੱਨ ਡੀ ਏ ਸਰਕਾਰ ਵਿੱਚ ਭਾਜਪਾ ਨੂੰ ਲੋਕਤੰਤਰੀ ਪ੍ਰਕਿਰਿਆ ਅਪਣਾਉਣੀ ਪਵੇਗੀ।

ਜਾਪਦਾ ਹੈ ਹੁਣ ਸੰਸਦ ਦੀ ਅਹਿਮੀਅਤ ਵਾਪਸ ਆ ਜਾਏਗੀ। ਸੰਸਦ ਦੇ ਅੰਦਰ ਵਿਰੋਧੀ ਧਿਰ ਦੀ ਅਣਦੇਖੀ ਨਹੀਂ ਹੋਏਗੀ, ਕਿਉਂਕਿ ਹੁਣ ਵਰ੍ਹਿਆਂ ਬਾਅਦ ਸੰਸਦ ਵਿੱਚ ਵਿਰੋਧੀ ਧਿਰ ਦਾ ਨੇਤਾ ਹੋਏਗਾ। ਪਿਛਲੇ ਦਸ ਵਰ੍ਹਿਆਂ 'ਚ ਜਾਪਣ ਲੱਗ ਪਿਆ ਸੀ ਕਿ ਦੇਸ਼ ਵਿਚੋਂ ਲੋਕਤੰਤਰ ਗਾਇਬ ਹੋ ਗਿਆ ਹੈ।

ਮੋਦੀ ਦੇ ਦੂਜੇ ਦੌਰ 'ਚ ਇਹ ਜਾਪਦਾ ਸੀ ਕਿ ਇਕ ਹੀ ਵਿਅਕਤੀ ਹੱਥ ਦੇਸ਼ ਦੀ ਵਾਗਡੋਰ ਸੀ ਅਤੇ ਉਹ ਹੀ ਅਹਿਮ ਫ਼ੈਸਲੇ ਲੈ ਰਿਹਾ ਹੈ। ਦੇਸ਼ ਵਿੱਚ ਤਾਨਾਸ਼ਾਹੀ ਵਧ ਰਹੀ ਸੀ, ਪਰ ਦੇਸ਼ ਦੀ ਜਨਤਾ ਨੇ ਇਹਨਾ ਵਿਚਾਰਾਂ ਅਤੇ ਆਪਹੁਦਰੀਆਂ ਕਾਰਵਾਈਆਂ ਨੂੰ ਠੱਲ੍ਹ ਪਾ ਦਿੱਤੀ ਹੈ ਅਤੇ ਦੇਸ਼ ਦੇ ਮੌਜੂਦਾ ਹਾਕਮਾਂ ਨੂੰ ਅਸਲ ਸੱਚਾਈ ਦੇ ਸਨਮੁੱਖ ਕਰ ਦਿੱਤਾ ਹੈ। ਉਹ ਇਹ ਕਿ ਲੋਕਾਂ ਨੂੰ ਫੋਕੇ ਨਾਹਰਿਆਂ ਨਾਲ ਭਰਮਾਇਆ ਨਹੀਂ ਜਾ ਸਕਦਾ। ਦੇਸ਼ ਸਾਹਵੇਂ ਜੋ ਵੱਡੀਆਂ ਸਮੱਸਿਆਵਾਂ ਹਨ, ਉਹਨਾਂ ਤੋਂ ਦੇਸ਼ ਦੀ ਜਨਤਾ ਮੁਕਤੀ ਚਾਹੁੰਦੀ ਹੈ। ਬੇਰੁਜ਼ਗਾਰੀ, ਭ੍ਰਿਸ਼ਟਾਚਾਰ, ਗਰੀਬੀ ਮੁਕਤ ਭਾਰਤ ਦੇਸ਼ ਵਾਸੀਆਂ ਦਾ ਸੁਪਨਾ ਹੈ। ਧੱਕਾ ਧੌਂਸ, ਬੇਇਨਸਾਫ਼ੀ ਵਾਲੀ ਸਿਆਸਤ ਉਹਨਾਂ ਨੂੰ ਪ੍ਰਵਾਨ ਨਹੀਂ।

ਦੇਸ਼ 'ਚ ਚੋਣਾਂ ਬਾਅਦ ਕੁਝ ਹੱਦ ਤੱਕ ਅਤੇ ਅੰਸ਼ਿਕ ਰੂਪ 'ਚ ਲੋਕਤੰਤਰ ਦੀ ਬਹਾਲੀ ਹੋਈ ਹੈ। ਭਾਰਤ ਦੇ ਲੋਕਾਂ ਨੇ ਇਸ ਵੇਰ ਕੁਝ ਚੀਜ਼ਾਂ ਹਾਸਲ ਕੀਤੀਆਂ ਹਨ, ਜਿਨ੍ਹਾਂ ਨੂੰ ਕੁਝ ਹਫ਼ਤੇ ਪਹਿਲਾਂ ਅਸੰਭਵ ਗਿਣਿਆ ਜਾਂਦਾ ਸੀ। ਇਸ ਸੰਦਰਭ 'ਚ ਸੋਚਿਆ ਜਾਣ ਲੱਗਾ ਹੈ ਕਿ ਕੀ ਹੁਣ ਲੋਕ ਸਭਾ ਅਤੇ ਰਾਜ ਸਭਾ ਦਾ ਸੰਚਾਲਨ ਨਿਯਮਾਂ ਅਨੁਸਾਰ ਅਤੇ ਸਰਬਸੰਮਤੀ ਨਾਲ ਹੋਏਗਾ?

ਕੀ ਨਵੇਂ ਬਿੱਲ ਲੋਕ ਸਭਾ, ਰਾਜ ਸਭਾ 'ਚ ਬਹਿਸ ਲਈ ਲਿਆਉਣ ਬਾਅਦ ਪਾਸ ਹੋਣਗੇ? ਕੀ ਪਾਰਲੀਮਾਨੀ ਸਬ-ਕਮੇਟੀਆਂ ਮੁੜ ਸੁਰਜੀਤ ਹੋਣਗੀਆਂ? ਇਹਨਾਂ ਗੱਲਾਂ ਦੀ ਸੰਭਾਵਨਾ ਹੁਣ ਵਧ ਗਈ ਹੈ, ਕਿਉਂਕਿ ਵੈਸਾਖੀਆਂ, ਫੌਹੜੀਆਂ ਵਾਲੀ ਸਰਕਾਰ ਹੁਣ ਮਨਮਰਜ਼ੀ ਨਹੀਂ ਕਰ ਸਕੇਗੀ।

ਹੁਣ ਭਾਰਤ ਦੇ ਸੰਵਿਧਾਨ 'ਚ ਉਦੋਂ ਤੱਕ ਸੋਧ ਨਹੀਂ ਕੀਤੀ ਜਾ ਸਕੇਗੀ, ਜਦੋਂ ਤੱਕ ਹਾਕਮ ਧਿਰ ਅਤੇ ਵਿਰੋਧੀ ਧਿਰ 'ਚ ਆਪਸੀ ਸਹਿਮਤੀ ਨਹੀਂ ਬਣੇਗੀ। ਹੁਣ ਤਾਂ ਇਹ ਵੀ ਜਾਪਣ ਲੱਗਾ ਹੈ ਕਿ ਕੇਂਦਰੀ ਮੰਤਰੀ ਮੰਡਲ ਵਿੱਚ ਵੀ ਹਰ ਚੀਜ਼ ਬਿਨ੍ਹਾਂ ਵਿਚਾਰ ਪਾਸ ਨਹੀਂ ਹੋਏਗੀ ।

ਇਹ ਹੁਣ ਤੋਂ ਹੀ ਦਿਖਣ ਲੱਗ ਪਿਆ ਹੈ, ਕਿਉਂਕਿ ਸਰਕਾਰ ਦੇ ਗਠਨ ਤੋਂ ਪਹਿਲਾਂ ਹੀ 'ਅਗਨੀਵੀਰ ਸਕੀਮ' ਅਧੀਨ ਫੌਜ ਵਿੱਚ ਭਰਤੀ ਸਬੰਧੀ ਨਿਤੀਸ਼ ਕੁਮਾਰ ਦੀ ਪਾਰਟੀ ਨੇ ਮੁੜ ਵਿਚਾਰ ਕਰਨ ਦੀ ਗੱਲ ਆਖ ਦਿੱਤੀ ਹੈ। ਨਾਇਡੂ ਨੇ 50 ਵਰ੍ਹਿਆਂ ਦੀ ਉਮਰ ਦੇ ਮੁਸਲਮਾਨਾਂ ਨੂੰ ਪੈਨਸ਼ਨਾਂ ਦੇਣ ਅਤੇ ਮਸਜਿਦਾਂ ਲਈ ਸਰਕਾਰੀ ਸਹਾਇਤਾ ਦਾ ਐਲਾਨ ਕੀਤਾ ਹੋਇਆ ਹੈ। ਹੁਣ ਤਾਂ ਇਹ ਵੀ ਸਪੱਸ਼ਟ ਦਿਖਣ ਲੱਗਾ ਹੈ ਕਿ ਦੇਸ਼ ਦੀ ਸੰਘੀ ਪ੍ਰਣਾਲੀ ਵਧੇਰੇ ਸੁਰੱਖਿਅਤ ਨਜ਼ਰ ਆਏਗੀ ਤੇ ਰਾਜਾਂ ਦੇ ਅਧਿਕਾਰਾਂ ਉਤੇ ਉਸ ਢੰਗ ਨਾਲ ਹਮਲਾ ਨਹੀਂ ਹੋਏਗਾ, ਜਿਵੇਂ ਖੇਤੀ ਕਾਨੂੰਨ ਪਾਸ ਕਰਨ ਵੇਲੇ ਕੀਤਾ ਗਿਆ ਸੀ। ਰਾਜਾਂ ਦੇ ਅਧਿਕਾਰਾਂ ਦੀ ਸੁਰੱਖਿਆ ਲਈ ਗਠਬੰਧਨ 'ਚ ਬੈਠੀਆਂ ਇਲਾਕਾਈ ਪਾਰਟੀਆਂ ਆਪਣਾ ਰੋਲ ਅਦਾ ਕਰਨਗੀਆਂ।

ਲੋਕ ਸਭਾ 2024 ਦੀਆਂ ਚੋਣਾਂ ਨੇ ਬਹੁਤ ਵੱਡੇ ਫ਼ੈਸਲੇ ਦਿੱਤੇ ਹਨ। ਲੋਕਾਂ ਨੇ ਆਪਣੇ ਮਨ ਦੀ ਗੱਲ ਕਹਿ ਦਿੱਤੀ ਹੈ, ਉਹ ਇਹ ਕਿ ਆਮ ਲੋਕ, ਆਜ਼ਾਦੀ, ਆਪਣੇ ਬੋਲਣ ਦੇ ਹੱਕ, ਨਿੱਜੀ ਆਜ਼ਾਦੀ ਆਦਿ ਨੂੰ ਧਰਮ ਨਾਲੋਂ ਵੱਧ ਮਹੱਤਵ ਦਿੰਦੇ ਹਨ। ਸਰਕਾਰ ਨੇ ਦੇਸ਼ ਧ੍ਰੋਹ ਅਤੇ ਮਾਣਹਾਨੀ ਦੇ ਨਾਂਅ 'ਤੇ ਜੋ ਫਰਜ਼ੀ ਮੁਕੱਦਮੇ ਦਾਇਰ ਕੀਤੇ ਹਨ, ਮੁਠਭੇੜ ਅਤੇ ਬੁਲਡੋਜ਼ਰ ਇਨਸਾਫ ਦੀ ਨੀਤੀ ਲਾਗੂ ਕੀਤੀ ਹੈ, ਉਸ ਨੂੰ ਉਹਨਾਂ ਨਿਕਾਰ ਦਿੱਤਾ ਹੈ। ਇਹ ਵੀ ਕਿ ਰਾਮ ਮੰਦਰ, ਸਿਆਸਤ ਤੋਂ ਪਰੇ ਹੈ, ਦੂਰ ਹੈ, ਇਸ ਦਾ ਇਸਤੇਮਾਲ ਵੋਟ ਪ੍ਰਾਪਤੀ ਲਈ ਕਰਨ 'ਤੋਂ ਲੋਕਾਂ ਨੇ ਨਿਕਾਰ ਦਿੱਤਾ ਹੈ। ਉਨ੍ਹਾਂ ਸੁਤੰਤਰ ਮੀਡੀਏ ਨੂੰ ਪਹਿਲ ਦਿੱਤੀ ਹੈ, ਸੋਸ਼ਲ ਮੀਡੀਆ ਰਾਹੀਂ ਲੋਕਾਂ ਆਪਣੀ ਗੱਲ ਕਹੀ ਹੈ ਅਤੇ ਇਥੋਂ ਤੱਕ ਕਿ ਗੋਦੀ ਮੀਡੀਆ ਦੇ ਐਗਜ਼ਿਟ ਪੋਲ ਨੂੰ ਵੀ ਲੋਕਾਂ ਨੇ ਪੱਲੇ ਨਹੀਂ ਬੰਨ੍ਹਿਆ।

ਲੋਕ ਇਹ ਨਿਰਣਾ ਕਰਨ 'ਚ ਸਫ਼ਲ ਰਹੇ ਹਨ ਕਿ ਖੇਤਰੀ ਦਲ, ਉਨ੍ਹਾਂ ਦੀਆਂ ਇਲਾਕਾਈ ਮੰਗਾਂ ਵੀ ਰਾਸ਼ਟਰੀ ਨੇਤਾਵਾਂ ਨੂੰ ਸੁਣਨੀਆਂ ਪੈਣਗੀਆਂ, ਭਾਵੇਂ ਕਿ ਲੋਕਾਂ ਨੇ ਇਹ ਵੀ ਦਰਸਾ ਦਿੱਤ

12-JUNE-PAGE-5.qxd 6/11/2024 11:28 PM Page 1

ਮਜ਼ਦੂਰਾਂ 'ਤੇ ਨਜਾਇਜ਼ ਪਰਚਾ ਕਰਨ ਖਿਲਾਫ ਸੀ ਪੀ ਆਈ ਨੇ ਥਾਣਾ ਘੇਰਿਆ

'ਆਪ' ਨੇ ਵੀ ਰੇਤ ਦੀ ਕਾਲਾ-ਬਾਜ਼ਾਰੀ ਦੀਆਂ ਹੱਦਾਂ ਟੱਪੀਆਂ : ਗੋਲਡਨ, ਢੰਡੀਆਂ

ਜਲਾਲਾਬਾਦ (ਜੀਤ ਕੁਮਾਰ/ਰਣਬੀਰ ਕੌਰ ਢਾਬਾਂ)

ਰੇਤ ਦੀ ਖੁਦਾਈ ਦੀ ਕਾਲਾ ਬਾਜ਼ਾਰੀ ਖਿਲਾਫ ਭਾਰਤੀ ਕਮਿਊਨਿਸਟ ਪਾਰਟੀ (ਸੀ ਪੀ ਆਈ) ਦੇ ਸੱਦੇ 'ਤੇ ਸੈਂਕੜਿਆਂ ਦੀ ਗਿਣਤੀ ਵਿੱਚ ਨਰਿੰਦਰ ਢਾਬਾਂ, ਕ੍ਰਿਸ਼ਨ ਧਰਮੂਵਾਲਾ, ਜਰਨੈਲ ਢਾਬਾਂ, ਬਲਵੰਤ ਚੌਹਾਣਾ, ਤੇਜਾ ਸਿੰਘ, ਗੁਰਦਿਆਲ ਢਾਬਾਂ ਤੇ ਕਰਨੈਲ ਬੱਗੇ ਕੇ ਦੀ ਅਗਵਾਈ ਵਿੱਚ ਸਦਰ ਥਾਣਾ ਜਲਾਲਾਬਾਦ ਦਾ ਘਿਰਾਓ ਕੀਤਾ ਗਿਆ।

ਇਸ ਮੌਕੇ ਸੈਂਕੜਿਆਂ ਦੀ ਗਿਣਤੀ 'ਚ ਵਰਕਰਾਂ ਨੂੰ ਸੰਬੋਧਨ ਕਰਦੇ ਹੋਇਆਂ ਸੀ ਪੀ ਆਈ ਜ਼ਿਲ੍ਹਾ ਫਾਜ਼ਿਲਕਾ ਦੇ ਸਕੱਤਰ ਕਾਮਰੇਡ ਹੰਸ ਰਾਜ ਗੋਲਡਨ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾ ਆਗੂ ਕਾਮਰੇਡ ਸੁਰਿੰਦਰ ਢੰਡੀਆਂ ਨੇ ਬੋਲਦਿਆਂ ਕਿਹਾ ਕਿ ਬੀਤੇ ਕੱਲ੍ਹ ਕੁਝ ਮਜ਼ਦੂਰ ਆਪਣੇ ਘਰ ਵਿੱਚ ਵਰਤਣ ਲਈ ਰੇਤਾ ਲੈ ਕੇ ਜਾ ਰਹੇ ਸਨ ਤਾਂ ਉਨ੍ਹਾਂ 'ਤੇ ਨਜਾਇਜ਼ ਪਰਚਾ ਦਰਜ ਕਰ ਦਿੱਤਾ ਗਿਆ।ਆਗੂਆਂ ਨੇ ਦੋਸ਼ ਲਗਾਇਆ ਕਿ ਇਹ ਮਜ਼ਦੂਰਾਂ 'ਤੇ ਮੁਕੱਦਮਾ ਜਲਾਲਾਬਾਦ ਦੇ ਆਮ ਆਦਮੀ ਪਾਰਟੀ ਦੇ ਵਿਧਾਇਕ ਦੇ ਕਹਿਣ 'ਤੇ ਕੀਤਾ ਗਿਆ ਹੈ, ਜੋ ਕਿ ਸਰਾਸਰ ਗਲਤ ਹੈ।ਕਮਿਊਨਿਸਟ ਆਗੂਆਂ ਨੇ ਕਿਹਾ ਕਿ ਸਥਾਨਕ ਵਿਧਾਇਕ ਖਰੀਦੇ ਸੱਤ ਕਿੱਲਿਆਂ ਵਿੱਚ ਆਪਣੀ ਕੋਠੀ ਬਣਾ ਰਿਹਾ ਹੈ, ਘਟੋ ਘੱਟ 100 ਟਰਾਲੀਆਂ ਦਾ ਡੰਪ ਲੱਗਿਆ ਹੋਇਆ ਹੈ, ਜਿਸ ਨੂੰ ਕਾਲਾ ਬਾਜ਼ਾਰੀ ਕਰਕੇ 15 ਤੋਂ 20 ਹਜ਼ਾਰ ਵਿੱਚ ਬਲੈਕ ਵੇਚਣ ਦਾ ਧੰਦਾ ਕਰ ਰਿਹਾ ਹੈ।ਇਸੇ ਤਰ੍ਹਾਂ ਐੱਮ ਐੱਲ ਏ ਫਾਜ਼ਿਲਕਾ ਵੀ ਰੇਤ ਦੀ ਸਟੋਰ ਕਰਕੇ ਬਲੈਕ ਸਪਲਾਈ ਕਰਦਾ ਹੈ, ਇਸ ਨਜਾਇਜ਼ ਮਾਈਨਿੰਗ 'ਚ ਪ੍ਰਸ਼ਾਸਨ ਤੇ ਥਾਣਿਆਂ ਦੇ ਮੁਖੀਆਂ ਦਾ ਹਿੱਸਾ-ਪੱਤੀ ਚੱਲਦਾ ਹੈ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।ਆਗੂਆਂ ਨੇ ਥਾਣਾ ਸਦਰ ਜਲਾਲਾਬਾਦ ਸਾਹਮਣੇ ਐਲਾਨ ਕਰਦਿਆਂ ਕਿਹਾ ਕਿ ਉਹ ਮੁਫਤ ਵਿੱਚ ਰੇਤਾ ਵੰਡਣ ਦਾ ਐਲਾਨ ਕਰਦੇ ਹਨ ਅਤੇ ਜਿਸ ਨੂੰ ਵੀ ਰੇਤਾ ਚਾਹੀਦਾ ਹੋਵੇਗਾ, ਉਸ ਨੂੰ ਮੁਫਤ ਵਿੱਚ ਰੇਤਾ ਦਿੱਤਾ ਜਾਵੇਗਾ ਅਤੇ ਰੋਕਣ ਵਾਲੇ ਖਿਲਾਫ ਸ਼ਾਂਤੀ ਪੂਰਵਕ ਸੰਘਰਸ਼ ਦੀ ਲੜਾਈ ਲੜਾਂਗੇ।

ਉਪਰੋਕਤ ਆਗੂਆਂ ਤੋਂ ਇਲਾਵਾਂ ਕਾਮਰੇਡ ਤੇਜ਼ਾ ਸਿੰਘ ਫਤਿਹਗੜ੍ਹ, ਰਮੇਸ਼ ਪੀਰਮੁਹੰਮਦ, ਕ੍ਰਿਸ਼ਨ ਘੁਰੀ, ਪੰਮਾ ਥਾਰੇਵਾਲਾ, ਬਿੰਦਰ ਘੁਰੀ ਆਦਿ ਹਾਜ਼ਰ ਸਨ।

ਸੁਖਦੀਪ ਅੌਜਲਾ, ਸਿਮਰਨ ਧਾਲੀਵਾਲ ਤੇ ਗੁਰਮਾਨਤ ਕੌਰ ਸਾਥੀ ਮੰਚ ਵੱਲੋਂ ਸਨਮਾਨਤ

ਮੋਗਾ (ਇਕਬਾਲ ਸਿੰਘ ਖਹਿਰਾ)-ਡੀ ਐੱਮ ਕਾਲਜ ਮੋਗਾ ਵਿਖੇ ਪਦਮਸ਼੍ਰੀ ਡਾਕਟਰ ਸੁਰਜੀਤ ਪਾਤਰ ਨੂੰ ਸਮਰਪਤ ਸਾਹਿਤਕ ਸਮਾਗਮ ਵਿੱਚ ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ 'ਇੱਕ ਕਮਰੇ ਦਾ ਸ਼ਾਇਰ' ਨਾਂ ਦੀ ਪੁਸਤਕ ਲਿਖਣ ਵਾਲੇ ਨੌਜਵਾਨ ਸ਼ਾਇਰ ਸੁਖਦੀਪ ਅੌਜਲਾ ਨੂੰ ਮਹਿੰਦਰ ਸਾਥੀ ਯੁਵਾ ਕਾਵਿ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਸ਼੍ਰੀ ਜਰਨੈਲ ਸਿੰਘ ਸੇਖਾ ਦੇ ਨਾਂ 'ਤੇ ਸਥਾਪਤ 'ਜਰਨੈਲ ਸੇਖਾ ਗਲਪ ਪੁਰਸਕਾਰ' ਨਾਲ ਨੌਜਵਾਨ ਕਹਾਣੀਕਾਰ ਤੇ ਯੁਵਾ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸਿਮਰਨ ਧਾਲੀਵਾਲ ਨੂੰ ਸਨਮਾਨਤ ਕੀਤਾ ਗਿਆ। ਗੁਰਬਚਨ ਚਿੰਤਕ ਬਾਲ ਸਾਹਿਤ ਪੁਰਸਕਾਰ ਨਵਾਂ ਸ਼ਹਿਰ ਤੋਂ ਆਈ ਅਤੇ ਨੌਵੀਂ ਕਲਾਸ ਦੀ ਵਿਦਿਆਰਥਣ ਗੁਰਮਾਨਤ ਕੌਰ ਨੂੰ ਭੇਟ ਕੀਤਾ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਨਾਮਵਰ ਵਿਅੰਗਕਾਰ ਸ੍ਰੀ ਕੇ ਐੱਲ ਗਰਗ, ਜ਼ਿਲ੍ਹਾ ਭਾਸ਼ਾ ਅਫਸਰ ਫਰੀਦਕੋਟ ਸ੍ਰੀ ਮਨਜੀਤ ਪੁਰੀ ਤੇ ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ ਨੇ ਕੀਤੀ। ਮੁੱਖ ਮਹਿਮਾਨ ਵਜੋਂ ਪ੍ਰਸਿੱਧ ਸ਼ਾਇਰਾ ਸਿਮਰਨ ਅਕਸ ਸ਼ਾਮਲ ਹੋਏ। ਪੰਜਾਬ ਪੰਜਾਬ ਦੇ ਨਾਮਵਰ ਸ਼ਾਇਰ ਵਿਜੇ ਵਿਵੇਕ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।

ਇਸ ਸਮਾਗਮ ਦੀ ਸ਼ੁਰੂਆਤ ਪੰਜਾਬ ਦੇ ਪ੍ਰਸਿੱਧ ਗਾਇਕ ਦਿਲਬਾਗ ਚਾਹਿਲ ਵੱਲੋਂ ਵਿਜੇ ਵਿਵੇਕ ਦੀ ਰਚਨਾ 'ਮੋਤੀ ਸਿਤਾਰੇ ਫੁੱਲ ਵੇ, ਮੁੱਠੀ ਮੇਰੀ ਵਿੱਚ ਕੁੱਲ ਵੇ' ਨਾਲ ਹੋਈ। ਸਰੋਤਿਆਂ ਵੱਲੋਂ ਇਸ ਗੀਤ ਦਾ ਤਾੜੀਆਂ ਮਾਰ ਕੇ ਭਰਪੂਰ ਸਵਾਗਤ ਕੀਤਾ। ਸਿਮਰਨਜੀਤ ਕੌਰ ਨੇ ਮਹਿੰਦਰ ਸਾਥੀ ਦੀ ਚਰਚਿਤ ਰਚਨਾ 'ਮਸ਼ਾਲਾਂ ਬਾਲ ਕੇ ਚੱਲਣਾ ਜਦੋਂ ਤੱਕ ਰਾਤ ਬਾਕੀ ਹੈ' ਨਾਲ ਮਹਿੰਦਰ ਸਾਥੀ ਨੂੰ ਯਾਦ ਕੀਤਾ। ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ ਨੇ ਮੰਚ ਦੀਆਂ ਕਾਰਗੁਜ਼ਾਰੀਆਂ, ਦਿੱਤੇ ਜਾਣ ਵਾਲੇ ਐਵਾਰਡਾਂ, ਆਏ ਹੋਏ ਮਹਿਮਾਨਾਂ ਤੇ ਪਦਮਸ਼੍ਰੀ ਡਾਕਟਰ ਸੁਰਜੀਤ ਪਾਤਰ ਬਾਰੇ ਭਾਵਪੂਰਤ ਸ਼ਬਦ ਆਖੇ। ਮੰਚ ਸੰਚਾਲਨ ਕਰਦਿਆਂ ਜਨਰਲ ਸਕੱਤਰ ਰਣਜੀਤ ਸਰਾਂਵਾਲੀ ਨੇ ਕਵੀਆਂ ਨੂੰ ਕਲਾਤਮਿਕਤਾ ਨਾਲ ਪੇਸ਼ ਕੀਤਾ। ਕਵੀ ਦਰਬਾਰ ਦੀ ਸ਼ੁਰੂਆਤ ਦਰਸ਼ਨ ਦੋਸਾਂਝ ਦੇ ਗੀਤ 'ਸੱਜਣਾਂ ਸੰਗਧੀਆਂ ਵਾਲਿਆ ਸਾਨੂੰ ਤਲਾਸ਼ਾਂ ਤੇਰੀਆਂ' ਨਾਲ ਹੋਈ। ਪਟਿਆਲੇ ਤੋਂ ਆਏ ਸ਼ਾਇਰ ਹਸਨ ਹਬੀਬ ਨੇ 'ਜੇ ਵਟਾ ਹੁੰਦੀ ਤਾਂ ਮੈਂ ਲੈਂਦਾ ਵਟਾ, ਮੈਨੂੰ ਜੱਚਦੀ ਹੈ ਕਿਸੇ ਦੀ ਜ਼ਿੰਦਗੀ' ਤੇ 'ਝੀਲ ਕਿਨਾਰੇ ਖੇਡਣ ਵਾਲੇ ਬਾਲਾਂ ਨੂੰ ਅਕਸਰ ਹੀ ਤੈਰਾਕੀ ਆਉਂਦੀ ਹੁੰਦੀ ਹੈ' ਨਾਲ ਰੰਗ ਬੰਨ੍ਹ ਦਿੱਤਾ। ਹਰਵਿੰਦਰ ਤਤਲਾ ਨੇ ਆਪਣਾ ਬਹੁਤ ਚਰਚਿਤ ਗੀਤ 'ਤੇਰਾ ਮੇਰਾ ਵੱਖ ਹੋਣਾ ਵੇ ਜਿਵੇਂ ਪਾਣੀ ਪੁਨਣਾ ਪਾਣੀ 'ਚੋਂ' ਤਰੰਨੁਮ ਵਿੱਚ ਗਾ ਕੇ ਸਾਰੇ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਮਾਨਸਾ ਤੋਂ ਆਏ ਨੌਜਵਾਨ ਸ਼ਾਇਰ ਵਰਿੰਦਰ ਅੌਲਖ ਨੇ ਆਪਣੇ ਸ਼ੇਅਰ 'ਸਬਰ ਦਾ ਫਲ ਹਮੇਸ਼ਾ ਵਾਸਤੇ ਮਿੱਠਾ ਹੀ ਹੁੰਦਾ ਏ, ਉਹ ਪੂਰੇ ਵਾਕ 'ਚੋਂ ਬਸ ਸਬਰ 'ਤੇ ਹੀ ਜ਼ੋਰ ਦਿੰਦਾ ਏ' ਨਾਲ ਭਰਪੂਰ ਤਾੜੀਆਂ ਖੱਟੀਆਂ। ਅੰਮ੍ਰਿਤਸਰ ਤੋਂ ਆਏ ਸ਼ਾਇਰ ਮੀਤ ਤੇ ਸ਼ਾਇਰਾ ਜੋਬਨਪ੍ਰੀਤ ਕੌਰ ਛੀਨਾ ਨੇ ਆਪਣੀਆਂ ਰਚਨਾਵਾਂ ਨਾਲ ਕਾਵਿ ਮਹਿਫ਼ਲ ਨੂੰ ਸਿਖਰ 'ਤੇ ਪਹੁੰਚਾ ਦਿੱਤਾ। ਗੁਰੂ ਹਰਸਾਏ ਤੋਂ ਆਏ ਸ਼ਾਇਰ ਸੰਜੀਵ, ਬਾਘਾ ਪੁਰਾਣਾ ਦੇ ਸ਼ਾਇਰ ਸਾਗਰ ਸਫ਼ਰੀ, ਰਾਮਪੁਰਾ ਤੋਂ ਆਏ ਹਣੀ ਰਾਮਪੁਰਾ, ਦਵਿੰਦਰ ਗਿੱਲ, ਪਟਿਆਲੇ ਤੋਂ ਸ਼ਾਇਰ ਹਰਮਨ, ਬਠਿੰਡਾ ਤੋਂ ਆਏ ਹਰਪ੍ਰੀਤ ਗਾਂਧੀ, ਬਰਕਤ ਗੀਤ ਕੰਡਿਆਰਾ, ਨਰਿੰਦਰ ਰੋਹੀ, ਸੋਨੀ ਮੋਗਾ ਤੇ ਪ੍ਰੀਤ ਜੱਗੀ ਨੇ ਆਪੋ ਆਪਣੀਆਂ ਰਚਨਾਵਾਂ ਨਾਲ ਸਮਾਜਿਕ, ਰਾਜਨੀਤਕ ਦੇ ਕੋਹਜਾਂ 'ਤੇ ਵਿਅੰਗ ਕੀਤਾ। ਸਨਮਾਨ ਦੀ ਰਸਮ ਸਮੋਂ ਗੁਰਮਾਨਤ ਕੌਰ ਬਾਰੇ ਸਨਮਾਨ ਪੱਤਰ ਅਮਰਪ੍ਰੀਤ ਕੌਰ ਸੰਘਾ ਨੇ ਪੇਸ਼ ਕੀਤਾ। ਸਿਮਰਨ ਧਾਲੀਵਾਲ ਦਾ ਸਨਮਾਨ ਪੱਤਰ ਮੰਚ ਦੇ ਮੀਡੀਆ ਕੁਆਰਡੀਨੇਟਰ ਅਮਰ ਘੋਲੀਆ ਤੇ ਸੁਖਦੀਪ ਅੌਜਲਾ ਦਾ ਸਨਮਾਨ ਪੱਤਰ ਅਮਰਜੀਤ ਸਨੇਰੂਵੀ ਨੇ ਪੜ੍ਹਿਆ। ਕੇ ਐੱਲ ਗਰਗ ਨੇ ਸਨਮਾਨਤ ਲੇਖਕਾਂ ਨੂੰ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਇਹ ਸਨਮਾਨ ਉਨ੍ਹਾਂ ਲਈ ਨਵੀਂ ਊਰਜਾ ਪ੍ਰਦਾਨ ਕਰਨਗੇ। ਪ੍ਰਧਾਨਗੀ ਕਰ ਰਹੇ ਮਨਜੀਤ ਪੁਰੀ ਨੇ ਮਹਿੰਦਰ ਸਾਥੀ ਦੇ ਸ਼ੇਅਰਾਂ ਦੇ ਹਵਾਲੇ ਪੇਸ਼ ਕਰਦਿਆਂ ਨਵੇਂ ਲੇਖਕਾਂ ਨੂੰ ਨਵੇਂ ਮੁਹਾਵਰੇ, ਪ੍ਰਤੀਕਾਂ ਦੇ ਨਾਲ ਨਾਲ ਨਵੇਂ ਬੋਧ ਨਾਲ ਵੀ ਜੁੜਨ ਲਈ ਆਖਿਆ। ਮੁੱਖ ਮਹਿਮਾਨ ਸਿਮਰਨ ਅਕਸ ਨੇ ਸੁਖਦੀਪ ਅੌਜਲਾ ਨੂੰ ਭਵਿੱਖ ਦਾ ਸ਼ਾਇਰ ਆਖਦਿਆਂ ਸਨਮਾਨ ਲਈ ਮੁਬਾਰਕਬਾਦ ਆਖੀ। ਸਰੋਤਿਆਂ ਨੇ ਸਨਮਾਨਤ ਸ਼ਾਇਰ ਸੁਖਦੀਪ ਅੌਜਲਾ ਦੀ ਸ਼ਾਇਰੀ ਦੇ ਰੰਗਾਂ ਨੂੰ ਵੀ ਰੂਹ ਨਾਲ ਮਾਣਿਆ। ਸਿਮਰਨ ਧਾਲੀਵਾਲ ਤੇ ਗੁਰਅਮਾਨਤ ਕੌਰ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਵਿਸ਼ੇਸ਼ ਮਹਿਮਾਨ ਤੇ ਪੰਜਾਬ ਦੇ ਨਾਮਵਰ ਸ਼ਾਇਰ ਵਿਜੇ ਵਿਵੇਕ ਨੇ ਕਿਹਾ ਕਿ ਸ਼ਾਇਰੀ ਲਿਖਦਿਆਂ ਲੇਖਕ ਨੂੰ ਸੱਚ ਦੇ ਰੂਬਰੂ ਹੋਣਾ ਚਾਹੀਦਾ ਹੈ। ਲੇਖਕ ਦੀ ਰਚਨਾ ਵਿਚ ਘਾੜਤ ਨਹੀਂ ਹੋਣੀ ਚਾਹੀਦੀ। ਵਿਜੇ ਵਿਵੇਕ ਨੇ 'ਫੌਜਾਂ ਦਿਆ ਜਰਨੈਲਾ ਵੇ ਸਾਨੂੰ ਭਰਤੀ ਕਰ'ਲਾ' ਸੁਣਾਈ ਤਾਂ ਹਾਲ ਤਾੜੀਆਂ ਨਾਲ ਗੂੰਜ ਉੱਠਿਆ। ਮੰਚ ਦੇ ਸੀਨੀਅਰ ਮੀਤ ਪ੍ਰਧਾਨ ਨਵਨੀਤ ਸੇਖਾ ਨੇ ਆਏ ਹੋਏ ਸ਼ਾਇਰਾਂ ਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ। ਸ਼ੇਰ ਜੰਗ ਫਾਊਂਡੇਸ਼ਨ ਦੇ ਜਨਰਲ ਸਕੱਤਰ ਵਿਜੇ ਕੁਮਾਰ, ਵਿਵੇਕ ਕੋਟ ਈਸੇ ਖਾਂ, ਗੁਰਦੇਵ ਦਰਦੀ, ਬਲਵਿੰਦਰ ਸਿੰਘ ਰੋਡੇ, ਮਹਿੰਦਰਪਾਲ ਲੂੰਬਾ, ਪ੍ਰੇਮ ਕੁਮਾਰ, ਅਵਤਾਰ ਸਿੰਘ, ਹਰਚੰਦ ਭਿੰਡਰ, ਨਵਾਂ ਸ਼ਹਿਰ ਤੋਂ ਕਹਾਣੀਕਾਰ ਬਲਵੀਰ ਕੌਰ ਰੀਹਲ, ਪ੍ਰੋ. ਕੁਲਵਿੰਦਰ ਸਿੰਘ, ਪ੍ਰਦੀਪ ਰਖਰਾ, ਗੁਰਮੀਤ ਰਖਰਾ ਕੜਿਆਲ, ਜਸਵਿੰਦਰ ਧਰਮਕੋਟ ਕਹਾਣੀਕਾਰ, ਮੰਚ ਦੇ ਸਕੱਤਰ ਧਾਮੀ ਗਿੱਲ, ਵਿੱਤ ਸਕੱਤਰ ਗੁਰਪ੍ਰੀਤ ਧਰਮਕੋਟ, ਮੀਤ ਪ੍ਰਧਾਨ ਗੁਰਦੀਪ ਲੋਪੋ, ਸ਼ਾਇਰ ਜਸਵੰਤ ਕੜਿਆਲ, ਸਿਮਰਜੀਤ ਸਿੰਮੀ, ਸਰਬਜੀਤ ਕੌਰ ਮਾਹਲਾ, ਕਮਲਜੀਤ ਕੌਰ ਧਾਲੀਵਾਲ, ਡਾਕਟਰ ਇੰਦਰਵੀਰ ਗਿੱਲ, ਜਸਵਿੰਦਰ ਸੰਧੂ ਗਲੋਟੀ, ਮਨਦੀਪ ਸਾਦਕ, ਸ਼ਾਇਰ ਸਮਾਲਸਰ, ਅਵਤਾਰ ਸਮਾਲਸਰ, ਕੁਲਵੰਤ ਸਿੰਘ ਧਾਲੀਵਾਲ, ਦਿਲਬਾਗ ਸਿੰਘ ਬੁੱਕਣਵਾਲਾ, ਗੁਰਸ਼ਰਨ ਸਿੰਘ ਕੋਟ ਈਸੇ ਖਾਂ, ਬਲਕਰਨ ਮੋਗਾ, ਸੁਖਵਿੰਦਰ ਸਿੰਘ ਜੌਹਲ ਧੱਲੇਕੇ, ਬਲਵਿੰਦਰ ਕੈਂਥ ਤੇ ਹਸਨਪ੍ਰੀਤ ਸਿੰਘ ਤਲਵੰਡੀ ਸਾਬੋ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਕਾਤਰਾਂ

ਪ੍ਰਧਾਨ ਮੰਤਰੀ ਬਣਨ 'ਤੇ ਨਰਿੰਦਰ ਮੋਦੀ ਨੂੰ ਹਾਰਦਿਕ ਵਧਾਈ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਭਾਰਤੀ ਜਨਤਾ ਪਾਰਟੀ ਫ਼ਰੀਦਕੋਟ ਦੇ ਜ਼ਿਲ੍ਹਾ ਵਾਈਸ ਪ੍ਰਧਾਨ ਰਾਕੇਸ਼ ਗਰਗ ਨੇ ਕਿਹਾ ਕਿ ਪੰਡਤ ਜਵਾਹਰ ਲਾਲ ਨਹਿਰੂ ਤੋਂ ਬਾਅਦ ਨਰਿੰਦਰ ਮੋਦੀ ਲਗਾਤਾਰ ਤੀਜੀ ਵਾਰ ਸੱਤਾ ਵਿੱਚ ਆਉਣ ਵਾਲੇ ਦੂਜੇ ਪ੍ਰਧਾਨ ਮੰਤਰੀ ਹਨ।ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਲਗਾਤਾਰ ਤੀਜੀ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਹੁਦਾ ਸੰਭਾਲਣ ਦੀ ਖੁਸ਼ੀ ਵਿੱਚ ਮਠਿਆਈਆਂ ਵੰਡ ਕੇ ਵਧਾਈ ਦਿੱਤੀ। ਜ਼ਿਲ੍ਹਾ ਵਾਈਸ ਪ੍ਰਧਾਨ ਰਾਕੇਸ਼ ਗਰਗ ਨੇ ਕਿਹਾ ਕਿ ਉਨ੍ਹਾਂ ਮੋਦੀ ਜੀ ਨੂੰ ਮੁੜ ਪ੍ਰਧਾਨ ਮੰਤਰੀ ਬਣਨ 'ਤੇ ਵਧਾਈ ਦਿੱਤੀ।ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਨੂੰ ਇਸ ਦੇਸ਼ ਦੇ ਸਰਵਉੱਚ ਅਹੁਦੇ 'ਤੇ ਬੇਮਿਸਾਲ ਅਤੇ ਅਸਾਧਾਰਨ ਤੀਜੇ ਕਾਰਜਕਾਲ ਲਈ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ।

ਟਰੇਨ ਥੱਲੇ ਆਉਣ ਨਾਲ ਵਿਅਕਤੀ ਦੀ ਮੌਤ

ਸੁਨਾਮ ਊਧਮ ਸਿੰਘ ਵਾਲਾ (ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)-ਪਟਿਆਲਾ ਰੋਡ ਵਾਲੇ ਫਾਟਕ ਕੋਲ ਸੁਨਾਮ ਤੋਂ ਸੰਗਰੂਰ ਜਾਣ ਵਾਲੀ ਟਰੇਨ ਦੇ ਥੱਲੇ ਆਉਣ ਨਾਲ ਇੱਕ 60 ਸਾਲਾ ਵਿਅਕਤੀ ਦੀ ਮੌਤ ਹੋ ਗਈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜੀਆਰਪੀ ਮੁਲਾਜ਼ਮ ਨਰਦੇਵ ਸਿੰਘ ਨੇ ਦੱਸਿਆ ਕਿ ਇੱਕ ਵਿਅਕਤੀ ਟ੍ਰੇਨ ਥੱਲੇ ਆ ਗਿਆ ਤੇ ਉਸ ਦੀ ਮੌਤ ਹੋ ਗਈ, ਮੌਕੇ 'ਤੇ ਉਸ ਦੀ ਪਹਿਚਾਣ ਨਹੀਂ ਹੋ ਸਕੀ ਅਤੇ ਅੱਜ ਸਵੇਰੇ ਉਸ ਦੀ ਪਹਿਚਾਣ ਮਨੋਜ ਕੁਮਾਰ ਵਾਸੀ ਇੰਦਰਾ ਬਸਤੀ ਸੁਨਾਮ ਵਜੋਂ ਹੋਈ ਹੈ, ਜਿਸ ਨੂੰ ਲੈ ਕੇ ਉਨ੍ਹਾਂ ਵੱਲੋਂ ਉਸ ਦੇ ਬੇਟੇ ਦੇ ਬਿਆਨ 'ਤੇ 174 ਦੀ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਲਾਸ਼ ਦਾ ਪੋਸਟਮਾਰਟਮ ਕਰਵਾ ਲਾਸ਼ ਵਾਰਸਾਂ ਨੂੰ ਸੌਂਪ ਦਿੱਤੀ ਜਾਵੇਗੀ।

ਸਿਰਸਾ ਪੁਲਸ ਨੇ ਦਬੋਚਿਆ 10 ਸਾਲ ਤੋਂ ਭਗੌੜਾ ਮੁਲਜ਼ਮ

ਸਿਰਸਾ (ਸੁਰਿੰਦਰ ਪਾਲ ਸਿੰਘ)-ਏਐਸਪੀ ਦੀਪਤੀ ਗਰਗ ਨੇ ਦੱਸਿਆ ਕਿ ਸਾਡੇ ਸਪੈਸ਼ਲ ਸਟਾਫ਼ ਵੱਲੋਂ ਲੁੱਟਾਂ-ਖੋਹਾਂ ਦੇ ਮਾਮਲਿਆਂ ਵਿੱਚ 10 ਸਾਲਾਂ ਤੋਂ ਭਗੌੜੇ ਅਪਰਾਧੀ ਸੰਜੇ ਕੁਮਾਰ ਨੂੰ ਪੰਜਾਬ ਦੇ ਖਰੜ ਇਲਾਕੇ ਤੋਂ ਗ੍ਰਿਫ਼ਤਾਰ ਕੀਤਾ ਹੈ।ਸੰਜੇ ਖ਼ਿਲਾਫ਼ ਰਾਜਸਥਾਨ ਦੇ ਸਿਰਸਾ, ਹਿਸਾਰ, ਫ਼ਤਿਹਾਬਾਦ ਤੇ ਰਾਵਤਸਰ ਵਿੱਚ ਕੇਸ ਦਰਜ ਹਨ। ਉਪਰੋਕਤ ਸਾਰੇ ਕੇਸਾਂ ਵਿੱਚ ਉਹ ਭਗੌੜਾ ਸੀ।ਪੁਲਸ ਤੋਂ ਬਚਣ ਲਈ ਸੰਜੇ ਲਗਾਤਾਰ ਆਪਣਾ ਟਿਕਾਣਾ ਬਦਲਦਾ ਰਹਿੰਦਾ ਸੀ।ਏਐਸਪੀ ਦਾ ਕਹਿਣਾ ਹੈ ਕਿ ਸਾਨੂੰ ਸੰਜੇ ਬਾਰੇ ਗੁਪਤ ਸੂਚਨਾ ਮਿਲੀ ਸੀ ਤੇ ਅਸੀ ਆਪਣੀ ਟੀਮ ਨਾਲ ਪੰਜਾਬ ਦੇ ਖਰੜ ਤੋ ਸੰਜੇ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਕਿਹਾ ਸੰਜੇ ਵਿਰੁੱਧ ਰਾਵਤਸਰ ਪੁਲਸ ਨੇ 2,000 ਰੁਪਏ, ਹਿਸਾਰ ਪੁਲਸ ਨੇ 50,000 ਰੁਪਏ ਅਤੇ ਫ਼ਤਿਹਾਬਾਦ ਤੇ ਸਿਰਸਾ ਪੁਲਸ ਨੇ 5,000 ਰੁਪਏ ਦੇ ਇਨਾਮ ਰੱਖਿਆ ਸੀ। ਇਹ ਦੱਸ ਦੇਈਏ ਕਿ ਮੁਲਜ਼ਮ ਸੰਜੇ ਸਿਰਸਾ ਦੇ ਪਿੰਡ ਫੁਲਕਾ ਦਾ ਰਹਿਣ ਵਾਲਾ ਹੈ ਤੇ ਉਹ ਅਪਰਾਧੀ ਬਣਨ ਤੋਂ ਪਹਿਲਾਂ ਚੰਗਾ ਐਥਲੀਟ ਸੀ।ਉਸ ਨੇ 100 ਮੀਟਰ ਦੌੜ ਵਿੱਚ ਰਾਜ ਪੱਧਰ 'ਤੇ ਕਾਂਸੀ ਦਾ ਤਮਗਾ ਵੀ ਜਿੱਤਿਆ ਸੀ।

ਰਿਜ਼ਰਵ ਜ਼ਮੀਨ ਦੀਆਂ ਗ਼ਲਤ ਬੋਲੀਆਂ ਖ਼ਿਲਾਫ਼ ਮਜ਼ਦੂਰਾਂ ਨੇ ਬੀ ਡੀ ਪੀ ਓ ਦਫ਼ਤਰ ਅੱਗੇ ਲਾਇਆ ਰੋਸ ਧਰਨਾ

12 June - Page - 6.qxd 6/11/2024 11:37 PM Page 1

ਨੌਜਵਾਨ ਦੁਕਾਨਦਾਰ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)— ਹੁਸ਼ਿਆਰਪੁਰ- ਜਲੰਧਰ ਰੋਡ 'ਤੇ ਪਿੱਪਲਾਂਵਾਲਾ ਮੇਨ ਮਾਰਕੀਟ ਵਿੱਚ ਦੋ ਮੋਟਰਸਾਈਕਲਾਂ 'ਤੇ ਆਏ ਛੇ ਅਣਪਛਾਤੇ ਵਿਅਕਤੀਆਂ ਨੇ ਇੱਕ ਦੁਕਾਨਦਾਰ ਨੌਜਵਾਨ ਨੂੰ ਤੇਜ਼ਧਾਰ ਹਥਿਆਰਾਂ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਕਰ ਦਿੱਤਾ । ਮੌਕੇ 'ਤੇ ਇਕੱਠੇ ਹੁੰਦੇ ਲੋਕਾਂ ਨੂੰ ਵੇਖਦਿਆਂ ਹਮਲਾਵਰ ਫਰਾਰ ਹੋਣ ਵਿੱਚ ਸਫਲ ਹੋ ਗਏ । ਗੰਭੀਰ ਜ਼ਖਮੀ ਹੋਏ ਨੌਜਵਾਨ, ਜਿਸ ਦੀ ਪਛਾਣ ਪਰਮਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪੁਰਹੀਰਾਂ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵੱਜੋਂ ਹੋਈ ਹੈ,ਨੂੰ ਨਜ਼ਦੀਕੀ ਦੁਕਾਨਦਾਰਾਂ ਅਤੇ ਰਾਹਗੀਰਾਂ ਨੇ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਦਾਖਲ ਕਰਵਾਇਆ ਜਿੱਥੇ ਉਹ ਇਲਾਜ ਅਧੀਨ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਿਵਲ ਹਸਪਤਾਲ ਹੁਸ਼ਿਆਰਪੁਰ ਵਿੱਚ ਜ਼ਖਮੀ ਨੌਜਵਾਨ ਪਰਮਜੀਤ ਸਿੰਘ ਦੇ ਨਜ਼ਦੀਕੀ ਰਿਸ਼ਤੇਦਾਰ ਓਂਕਾਰ ਸਿੰਘ, ਕਪੂਰ ਸਿੰਘ ਪਰਮਜੀਤ ਸਿੰਘ ਅਤੇ ਗੁਰਮੁਖ ਸਿੰਘ ਨੇ ਦੱਸਿਆ ਕਿ ਗੰਭੀਰ ਜ਼ਖਮੀ ਹੋਇਆ ਨੌਜਵਾਨ ਪਰਮਜੀਤ ਸਿੰਘ ਜਲੰਧਰ ਰੋਡ ਤੇ ਪਿੱਪਲਾਂਵਾਲਾ ਨਜ਼ਦੀਕ ਮਕੈਨਿਕ ਦੀ ਦੁਕਾਨ ਕਰਦਾ ਹੈ, ਸੋਮਵਾਰ ਸ਼ਾਮ 7:30 ਵਜੇ ਦੇ ਕਰੀਬ ਪਿੱਪਲਾਂਵਾਲਾ ਨਜ਼ਦੀਕ ਉਸ ਨੂੰ ਦੋ ਮੋਟਰਸਾਈਕਲਾਂ ਤੇ ਆਏ ਛੇ ਦੇ ਕਰੀਬ ਹਮਲਾਵਰਾਂ ਨੇ ਘੇਰ ਕੇ ਜਾਨ ਲੇਵਾ ਹਮਲਾ ਕਰ ਦਿੱਤਾ ਅਤੇ ਤੇਜ਼ਧਾਰ ਹਥਿਆਰਾਂ ਨਾਲ ਉਸ ਦੇ ਸਰੀਰ ਉੱਪਰ ਵਾਰ ਕਰ ਦਿੱਤੇ। ਉਨ੍ਹਾਂ ਦੱਸਿਆ ਕਿ ਪਰਮਜੀਤ ਉਪਰ ਹਮਲਾ ਕਰਨ ਦੌਰਾਨ ਪਿੱਪਲਾਂਵਾਲੇ ਦਾ ਹੀ ਰਹਿਣ ਵਾਲਾ ਰਾਣਾ ਆਪਣੇ ਤਿੰਨ ਚਾਰ ਹੋਰ ਸਾਥੀਆਂ ਦੇ ਨਾਲ ਹਮਲਾਵਰਾਂ ਨੂੰ ਸ਼ਹਿ ਦੇ ਰਿਹਾ ਸੀ । ਉਹਨਾਂ ਨੂੰ ਪੂਰਾ ਸ਼ੱਕ ਹੈ ਕਿ ਇਹ ਹਮਲਾ ਰਾਣੇ ਨੇ ਹੀ ਅਣਪਛਾਤੇ ਨੌਜਵਾਨਾਂ ਪਾਸੋਂ ਕਰਵਾਇਆ ਹੈ। ਕਿਉਂਕਿ ਦੋ ਤਿੰਨ ਮਹੀਨੇ ਪਹਿਲਾਂ ਤੋਂ ਹੀ ਪਰਮਜੀਤ ਸਿੰਘ ਅਤੇ ਰਾਣੇ ਦਰਮਿਆਨ ਕਈ ਵਾਰ ਖਹਿਬਾਜੀ ਹੋ ਚੁੱਕੀ ਹੈ ਅਤੇ ਰਾਣਾ ਪਹਿਲਾਂ ਵੀ ਉਸ ਉੱਪਰ ਹਮਲੇ ਕਰਵਾ ਚੁੱਕਾ ਹੈ। ਜਿਸ ਦੀਆਂ ਲਿਖਤੀ ਤੌਰ 'ਤੇ ਤਿੰਨ ਦੇ ਕਰੀਬ ਸ਼ਿਕਾਇਤਾਂ ਥਾਣਾ ਮਾਡਲ ਟਾਊਨ ਨੂੰ ਵੀ ਦਿੱਤੀਆਂ ਗਈਆਂ ਪਰ ਪੁਲਸ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ। ਪਰਮਜੀਤ ਦੇ ਰਿਸ਼ਤੇਦਾਰਾਂ ਨੇ ਦੱਸਿਆ ਕਿ ਇਸ ਸਾਰੇ ਝਗੜੇ ਦੀਆਂ ਸ਼ਿਕਾਇਤਾਂ ਪਿੱਪਲਾਂ ਵਾਲਾ ਦੇ ਕੌਂਸਲਰ ਜਸਵੰਤ ਰਾਏ ਕਾਲਾ ਨੂੰ ਵੀ ਦਿੱਤੀਆਂ ਗਈਆਂ ਜਿਨ੍ਹਾਂ ਵੱਲੋਂ ਰਾਣੇ ਨੂੰ ਵਾਰ ਵਾਰ ਸਮਝਾਉਣ ਦੇ ਬਾਵਜੂਦ ਵੀ ਕੋਈ ਫਰਕ ਨਹੀਂ ਪਿਆ।

ਬਿਜਲੀ ਸਪਲਾਈ ਅੱਜ ਬੰਦ ਰਹੇਗੀ

ਫਗਵਾੜਾ, (ਜਸਵਿੰਦਰ ਢੱਡਾ) ਪੀ ਐਸ ਪੀ ਸੀ ਐਲ ਉੱਪ ਮੰਡਲ ਚਹੇੜੂ ਦੇ ਸਹਾਇਕ ਇੰਜੀਨੀਅਰ ਨੇ ਇੱਕ ਪ੍ਰੈਸ ਨੋਟ ਜਾਰੀ ਕਰਦਿਆਂ ਦੱਸਿਆ ਕਿ ਮਿਤੀ 12.06.2024 ਨੂੰ ਦਿਨ ਬੁੱਧਵਾਰ ਸਮਾਂ ਸਵੇਰੇ 10.00 ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ 66 ਕੇਵੀ ਸ/ਸ ਚਹੇੜੂ ਤੋਂ ਚਲਦੇ 11 ਕੇਵੀ ਬੋਨ ਮਿਲ ਕੈਟਾਗਰੀ -1 ਅਤੇ ਮਹੈੜੂ ਏ ਪੀ ਫੀਡਰ ਦੀ ਸ਼ਿਫਟਿੰਗ ਕਾਰਣ ਪਿੰਡ ਹਰਦਾਸਪੁਰ , ਨਰੰਗਪੁਰ , ਮਹੈੜੂ ਰੋਡ , ਜੀ ਟੀ ਰੋਡ ਦਾ ਇਲਾਕਾ, ਕਾਂਸ਼ੀ ਨਗਰ ਦੀ ਘਰੇਲੂ,ਵਪਾਰਿਕ ਅਤੇ ਖੇਤੀਬਾੜੀ ਦੀ ਬਿਜਲੀ ਸਪਲਾਈ ਬੰਦ ਰਹੇਗੀ।

ਪਬਲਿਕ ਨੋਟਿਸ

ਅਸਲ ਬੈਨਾਮਾ, ਜਿਸ ਦਾ ਵਸੀਕਾ ਨੰਬਰ 187 ਮਿਤੀ 21/04/2011, ਜੋ ਕਿ ਸਬ-ਰਜਿਸਟਰਾਰ ਬਾਘਾ ਪੁਰਾਣਾ ਦੇ ਦਫ਼ਤਰ ਵਿਚ ਰਜਿਸਟਰਡ ਹੈ। ਬਾਬਤ ਅਰਾਜੀ 06 ਮਰਲੇ 54/684 ਪਿੰਗਾ 03 ਕਨਾਲ 16 ਮਰਲੇ ਖਸਰਾ ਨੰਬਰ 1724 (3-16) ਖੇਵਟ ਨੰਬਰ 1100 ਖਤੌਨੀ ਨੰਬਰ 1527 ਮੁਤਾਬਕ ਜਮ੍ਹਾਂਬੰਦੀ ਸਾਲ 2018-19 ਵਾਕਿਆ ਬਾਘਾ ਪੁਰਾਣਾ-1 ਜੋ ਕਿ ਬਹੱਕ ਵਿਪਨ ਕੁਮਾਰੀ ਪਤਨੀ ਵਿਜੇ ਕੁਮਾਰ ਪੁੱਤਰ ਰਮੇਸ਼ ਚੰਦਰ ਤਸਦੀਕ ਹੋਇਆ ਸੀ, ਗੁੰਮ ਹੋ ਗਿਆ ਹੈ। ਇਹ ਕਿ ਉਕਤ ਜਾਇਦਾਦ ਦੀ ਮੌਜੂਦਾ ਮਾਲਕ ਪੂਜਾ ਗੋਇਲ ਪਤਨੀ ਪਾਰਸ ਗੋਇਲ ਹੈ, ਜੋ ਕਿ ਪੰਜਾਬ ਐਂਡ ਸਿੰਧ ਬੈਂਕ ਬਾਘਾ ਪੁਰਾਣਾ ਪਾਸ ਉਕਤ ਜਾਇਦਾਦ ਇਕੁਟੇਬਲ ਮਾਰਟਗੇਜ ਕਰਕੇ ਲੋਨ ਲੈ ਰਹੀ ਹੈ। ਇਹ ਕਿ ਇਸ ਸਬੰਧੀ ਅਗਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ 15 ਦਿਨ ਦੇ ਅੰਦਰ-ਅੰਦਰ ਮੈਨੇਜਰ ਸਾਹਿਲ ਗੋਇਲ, ਮੋਬਾਇਲ 75270-07613 ਨਾਲ ਸੰਪਰਕ ਕਰ ਸਕਦਾ ਹੈ।

COURT NOTICE

(U/o 5 Rule 20 CPC)
In the Court of
Sh. Vineet Kumar Narang
Additional Principal Judge, Family Court-II, Jalandhar
CNR No. PBJL01-003745-2024
Next Date :- 02-07-2024

Navdeep Kaur aged 36 years W/o Jaskirat Singh D/o Raghvir Singh, R/o Village Khera, P.O. Jamsher Khas, Tehsil & District Jalandhar.
Vs.
1. Jaskirat Singh S/o Sajjan Singh Shergill R/o Village Khera, P.O. Jamsher Khas, Tehsil & Distt. Jalandhar.
2. General Public
Petition Under Guardian and wards Act.
Publication Issued to : General Public :- General Public

In above titled case, the defendant(s)/ respondent(s) could not be served. It is ordered that defendant (s)respondent(s) should appear in person or through counsel on 02.07.2024 at 10:00 a.m.

For details logon to https://highcourtchd.gov.in/?trs=district_notice&district=Jalandhar

Additional Principal Judge, Family Court-II, Jalandhar
Dated this day of 07-06-2024

COURT NOTICE

(U/o 5 Rule 20 CPC)
In The Court of Gurmeet Tiwana Civil Judge, (Senior Division), Kapurthala
CNR No. PBKP02-000165-2024
Next Date : 10.07.2024

Ram Krishan Saini aged about 65 years Son of Harbans Lal Saini R/o First Address :- H. No. 40, Mohalla Nawab Kapoor Singh Nagar, Kapurthala, Second address C/o Saini Electrical, Mohabbat Nagar Circular Road, Kapurthala.
Vs
Mohan Singh Komal Son of S. Surain Singh R/o H. No. 13/457, Mohalla Shergarh, Kapurthala.
Suit for recovery by way of damages and compensation
Publication Issued To : Defendant
Mohan Singh Komal Son of S. Surain Singh R/o H. No. 13/457, Mohalla Shergarh, Kapurthala.

In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 10.07.2024 at 10:00 A.M.

For details logon to https://highcourtchd.gov.in/?trs=district_notice&district=Kapurthala

Civil Judge, (Senior Division), Kapurthala
Dated this day of 05-06-2024

COURT NOTICE

(U/o 5 Rule 20 CPC)
In the Court of Ms. Nidhi Saini
Sub Divisional Judicial Magistrate, Nangal
CNR No. PBROB1-000230-2023
Next Date :- 16-07-2024

Deepika
Vs.
Hari Krishan
Publication Issued To:
Respondents No.
1) Hari Krishan S/o Sher Dass
4) Subhash Chander S/o Sher Dass
Both resident of 520, Indira Nagar, Nangal Township, P.S. & Tehsil Nangal, Distt. Rupnagar.

In above titled case, the defendant (s)/respondent(s) could not be served. It is ordered that defendant(s)/ respondent(s) should appear in person or through counsel on 16.07.2024 at 10:00 A.M.

For details logon to https://highcourtchd.gov.in/?trs=district_notice&district= Rupnagar

Sub Divisional Judicial Magistrate, Nangal
Dated this day of 05-06-2024

COURT NOTICE

(U/o 5 Rule 20 CPC)
In the Court of
Sh. Muneesh Arora
Principal Judge , Family Court, Nabha
CNR No. PBPTF3-000305-2023
Next Date :- 06-07-2024

Sukhwinder Singh
Vs.
Karamjit Kaur
Publication Issued to :
Karamjit Kaur W/o Sukhwinder Singh daughter of Rur Singh R/o Vill. Daska Now at H. No. 111, Shivalik City, Sector-127, Kharar, SAS Nagar Mohali.

In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 06.07.2024 at 10:00 A.M.

For details logon to https://highcourtchd.gov.in/?trs=district_notice&district=Patiala

Principal Judge , Family Court, Nabha
Dated this day of 05-06-2024

ਪਬਲਿਕ ਨੋਟਿਸ

ਆਮ ਪਬਲਿਕ ਨੂੰ ਇਸ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ ਕਿ ਸ਼ੇਰਗੜ੍ਹ (ਹ.ਬ.ਨੰ. 250), ਤਹਿ. ਤੇ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਮਰੱਥ ਅਧਿਕਾਰੀ ਮੁੱਖ ਪ੍ਰਸ਼ਾਸਕ, ਜੇ ਡੀ ਏ, ਜਲੰਧਰ ਵੱਲੋਂ ਬਸੇਰਾ ਇਨਕਲੇਵ (ਰਕਬਾ 8.61 ਏਕਡ) ਨਾਂਅ ਦੀ ਅਫੋਰਡੇਬਲ ਰਿਹਾਇਸ਼ੀ ਕਾਲੋਨੀ ਸਥਾਪਤ ਕਰਨ ਲਈ ਲਾਇਸੰਸ ਨੰ. ਜੇ ਡੀ ਏ-2019/38 ਮਿਤੀ 10.10.2019 S. Kultar Singh S/o Sh. Balwant Singh C/o Hotel Garden Court, V.P.O Shergarh, Distt Hoshiarpur ਨੂੰ ਜਾਰੀ ਕੀਤਾ ਗਿਆ ਸੀ, ਜੋ ਕਿ ਮਿਤੀ 10.10.2024 ਤੱਕ ਵੈਲਿਡ ਹੈ। ਪ੍ਰੋਮੋਟਰ ਵੱਲੋਂ ਪਾਪਰਾ ਐਕਟ/ਲਾਇਸੰਸ ਦੀਆਂ ਸ਼ਰਤਾਂ ਅਨੁਸਾਰ ਕਾਲੋਨੀ ਦੇ ਅੰਦਰੂਨੀ ਵਿਕਾਸ ਕਾਰਜ ਮੁਕੰਮਲ ਕਰਕੇ ਕੰਪਲੀਸ਼ਨ ਸਰਟੀਫਿਕੇਟ ਜਾਰੀ ਕਰਨ ਦੀ ਬੇਨਤੀ ਕੀਤੀ ਗਈ ਹੈ। ਇਸ ਕਾਲੋਨੀ ਨੂੰ ਰੀਵਾਈਜ਼ਡ ਲੇ-ਆਊਟ ਪਲੈਨ ਦਫਤਰ ਮੁੱਖ ਪ੍ਰਸ਼ਾਸਕ, ਜੇ ਡੀ ਏ, ਐਸ.ਸੀ.ਓ. ਨੰ. 41, ਦੂਜੀ ਮੰਜ਼ਲ, ਪੁੱਡਾ ਕੰਪਲੈਕਸ, ਲਾਡੋਵਾਲੀ ਰੋਡ, ਜਲੰਧਰ ਵਿਖੇ ਵੇਖਿਆ ਜਾ ਸਕਦਾ ਹੈ। ਜੇਕਰ ਕਿਸੇ ਵੀ ਪਲਾਟ ਹੋਲਡਰ/ਅਲਾਟੀ ਨੂੰ ਪ੍ਰੋਮੋਟਰ ਵੱਲੋਂ ਕਰਵਾਏ ਗਏ ਕਾਲੋਨੀ ਦੇ ਵਿਕਾਸ ਕਾਰਜਾਂ ਸਬੰਧੀ ਕੋਈ ਇਤਰਾਜ਼ ਹੋਵੇ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ 07 ਦਿਨਾਂ ਵਿੱਚ ਨਿਮਨ-ਹਸਤਾਖਰ ਪਾਸ ਆਪਣਾ ਇਤਰਾਜ਼ ਦਾਖਲ ਕਰ ਸਕਦਾ ਹੈ। ਨਿਰਧਾਰਤ ਸਮੇਂ ਤੋਂ ਬਾਅਦ ਪ੍ਰਾਪਤ ਹੋਏ ਇਤਰਾਜ਼ਾਂ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਕਲੋਨੀ ਦਾ ਕੰਪਲੀਸ਼ਨ ਸਰਟੀਫਿਕੇਟ ਜਾਰੀ ਕਰ ਦਿੱਤਾ ਜਾਵੇਗਾ।

ਮੁੱਖ ਪ੍ਰਸ਼ਾਸਕ,
ਜੇ ਡੀ ਏ, ਜਲੰਧਰ।

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਈ-ਨਿਵਿਦਾ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ –770-W/169/WA-1/FZR-67-2024-25-ADEN-LDH, 68-2024-25-ADEN-LDH, 69-2024-25-ADEN-LDH, 70-2024-25-ADEN-LDH, 71-2024-25-ADEN-LDH, 72-2024-25-ADEN-LDH, 73-2024-25-ADEN-JRC, 74-2024-25-ADEN-JRC & 75-2024-25-ADEN-JRC ਸੀਨੀਅਰ ਮੰਡਲ ਇੰਜੀਨੀਅਰ–ਫਸਟ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ–ਟੈਂਡਰ ਬੋਲੀ ਅੰਤਮ ਮਿਤੀ 01.07.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਨਿਵਿਦਾ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਨਿਵਿਦਾ ਸੁਰੱਖਿਆ ਘੋਸ਼ਣਾ ਪੱਤਰ' ਤੈਅ ਫਾਰਮੈਟ ਵਿਚ ਨਿਵਿਦਾ ਦੇ ਨਾਲ ਈ–ਪੋਰਟਲ ਤੇ ਨਥੀ ਕਰੇਗਾ।

ਨਿਵਿਦਾ ਪ੍ਰਕਾਰ	ਖੁਲ੍ਹਾ	ਨਿਵਿਦਾ ਅਨੁਭਾਗ	ਕੰਮ	ਬੋਲੀ ਪ੍ਰਣਾਲੀ	ਏਕਲ ਬੋਲੀ ਪ੍ਰਣਾਲੀ
ਨਿਵਿਦਾ ਅਪਲੋਡ ਕਰਨ ਦੀ ਮਿਤੀ	07.06.2024	ਬੋਲੀ ਸ਼ੁਰੂ ਦੀ ਮਿਤੀ	17.06.2024	ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ	01.07.2024

ਲ.ਨੰ.	ਨਿਵਿਦਾ ਨੰਬਰ	ਨਿਵਿਦਾ ਦਾ ਵੇਰਵਾ		
1.	67-2024-25-ADEN-LDH	ਸਹਾਇਕ ਮੰਡਲ ਇੰਜੀਨੀਅਰ–ਲੁਧਿਆਣਾ ਦੇ ਖੇਤਰਅਧਿਕਾਰ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਬਦਲਾਅ, ਐਮਰਜੈਂਸੀ ਕੰਮ ਜੋਨ ਨੰਬਰ 1/2024–25 ਲੁਧਿਆਣਾ ਵਿਚ ਸਟੇਸ਼ਨ ਬਿਲਡਿੰਗ ਅਤੇ ਹੋਰ ਸੇਵਾ ਭਵਨਾਂ ਦੀ ਮੁਰੰਮਤ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹99,98,198.93	60 ਦਿਨ	12 ਮਹੀਨੇ
2.	68-2024-25-ADEN-LDH	ਸਹਾਇਕ ਮੰਡਲ ਇੰਜੀਨੀਅਰ–ਲੁਧਿਆਣਾ ਦੇ ਖੇਤਰਅਧਿਕਾਰ ਵਿਚ ਡੀਜਲ ਸ਼ੇਡ, ਆਰਪੀਐਫ ਬੈਰਕ, ਆਰਪੀਐਸਐਫ ਬੈਰਕ ਅਤੇ ਲੋਕੋ ਦਫਤਰ ਆਦਿ ਵਿਚ ਜੋਨ ਨੰਬਰ 2/2024–25 ਦੇ ਤਹਿਤ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਬਦਲਾਅ ਅਤੇ ਐਮਰਜੈਂਸੀ ਕੰਮ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹74,99,158.78	60 ਦਿਨ	12 ਮਹੀਨੇ
3.	69-2024-25-ADEN-LDH	ਸਹਾਇਕ ਮੰਡਲ ਇੰਜੀਨੀਅਰ–ਲੁਧਿਆਣਾ ਦੇ ਖੇਤਰਅਧਿਕਾਰ ਵਿਚ ਸੇਵਾ ਭਵਨ ਅਤੇ ਸਟਾਫ ਕਵਾਟਰਾਂ ਵਿਚ ਜੋਨ ਨੰਬਰ 3/2024–25 ਦੇ ਤਹਿਤ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਐਮਰਜੈਂਸੀ ਕੰਮ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹1,19,97,115.43	60 ਦਿਨ	12 ਮਹੀਨੇ
4.	70-2024-25-ADEN-LDH	ਸਹਾਇਕ ਮੰਡਲ ਇੰਜੀਨੀਅਰ–ਲੁਧਿਆਣਾ ਦੇ ਖੇਤਰਅਧਿਕਾਰ ਵਿਚ ਜੋਨ ਨੰਬਰ 4/2024–25 ਦੇ ਤਹਿਤ ਲੁਧਿਆਣਾ ਵਿਚ ਕਲੋਨੀ ਨੰ. 1 ਤੋਂ 13 ਵਿਚ ਸਟਾਫ ਕਵਾਟਰਾਂ ਦੀ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਐਮਰਜੈਂਸੀ ਕੰਮ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹1,19,97,685.11	60 ਦਿਨ	12 ਮਹੀਨੇ
5.	71-2024-25-ADEN-LDH	ਸਹਾਇਕ ਮੰਡਲ ਇੰਜੀਨੀਅਰ–ਲੁਧਿਆਣਾ ਦੇ ਖੇਤਰਅਧਿਕਾਰ ਵਿਚ ਜੋਨ ਨੰਬਰ 5/2024–25 ਦੇ ਤਹਿਤ ਬਿਜਲੀ ਸ਼ੇਡ ਅਤੇ ਟੀਆਰਡੀ ਦਫਤਰ ਆਦਿ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਐਮਰਜੈਂਸੀ ਕੰਮ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹24,98,995.00	60 ਦਿਨ	12 ਮਹੀਨੇ
6.	72-2024-25-ADEN-LDH	ਸਹਾਇਕ ਮੰਡਲ ਇੰਜੀਨੀਅਰ–ਲੁਧਿਆਣਾ ਦੇ ਖੇਤਰਅਧਿਕਾਰ ਵਿਚ PGW-NSS-JJJ-RHU ਸੈਕਸ਼ਨ ਤੇ ਸੇਵਾ ਭਵਨ ਅਤੇ ਸਟਾਫ ਕਵਾਟਰਾਂ ਵਿਚ ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਐਮਰਜੈਂਸੀ ਕੰਮ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹1,49,95,920.11	60 ਦਿਨ	12 ਮਹੀਨੇ
7.	73-2024-25-ADEN-JRC	ਸਹਾਇਕ ਮੰਡਲ ਇੰਜੀਨੀਅਰ–ਜਲੰਧਰ ਕੈਂਟ ਦੇ ਖੇਤਰਅਧਿਕਾਰ ਵਿਚ ''ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਐਮਰਜੈਂਸੀ ਕੰਮ ਜੋਨ 2024–25 ਦੇ ਤਹਿਤ ਸਟੇਸ਼ਨ ਬਿਲਡਿੰਗ ਅਤੇ ਹੋਰ ਸੇਵਾ ਭਵਨਾਂ ਦੀ ਮੁਰੰਮਤ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹1,59,99,403.12	60 ਦਿਨ	12 ਮਹੀਨੇ
8.	74-2024-25-ADEN-JRC	ਸਹਾਇਕ ਮੰਡਲ ਇੰਜੀਨੀਅਰ–ਜਲੰਧਰ ਕੈਂਟ ਦੇ ਖੇਤਰਅਧਿਕਾਰ ਵਿਚ ਪੈਂਦੇ ਸੀਨੀਅਰ ਸੈਕਸ਼ਨ ਇੰਜੀਨੀਅਰ ਮੁਕੇਰਿਆਂ ਦੇ ਖੇਤਰਾਧਿਕਾਰ ਵਿਚ ''ਸਾਧਾਰਨ ਮੁਰੰਮਤ ਅਤੇ ਰਖਰਖਾਅ ਦੇ ਨਾਲ–ਨਾਲ ਨਵੇਂ ਕੰਮ, ਮੌਜੂਦਾ ਸੰਰਚਨਾਵਾਂ ਵਿਚ ਪਰਿਵਰਧਨ ਅਤੇ ਐਮਰਜੈਂਸੀ ਕੰਮ ਜੋਨ 2024–25 ਦੇ ਤਹਿਤ ਸਟੇਸ਼ਨ ਬਿਲਡਿੰਗ ਅਤੇ ਹੋਰ ਸੇਵਾ ਭਵਨਾਂ ਦੀ ਮੁਰੰਮਤ ਦਾ ਕੰਮ ਕਰਨਾ।		
		ਵਿਗਿਆਪਨ ਮੁਲ	ਆਫਰ ਦੀ ਵੈਲੇਡਿਟੀ	ਸਮਾਪਨ ਦਾ ਸਮਾਂ
		₹1,49,95,920.11	60 ਦਿਨ	12 ਮਹੀਨੇ
9.	75-2024-25-ADEN-JRC	ਸਹਾਇਕ ਮੰਡਲ ਇੰਜੀਨੀਅਰ–ਜਲੰਧਰ ਕੈਂਟ ਦੇ ਖੇਤਰਅਧਿਕਾਰ ਵਿਚ ਪੈਂਦੇ ਸੀਨੀਅਰ ਸੈਕਸ਼ਨ ਇੰਜੀਨੀਅਰ ਜਲੰਧਰ ਕੈਂਟ ਵਿਚ ਸਾਲ 2024–25 ਦੇ ਲਈ ''

12-JUNE-PAGE-7.qxd 6/11/2024 11:27 PM Page 1

ਅਗਰਵਾਲ ਕਲੋਨੀ ਤੇ ਜੰਮੂ ਬਸਤੀ ਦੇ ਵਸਨੀਕਾਂ ਵੱਲੋਂ ਹਾਈਵੇਅ ਜਾਮ

ਕਿਸਾਨਾਂ ਵੀ ਦਿੱਤਾ ਧਰਨੇ 'ਚ ਸਹਿਯੋਗ, ਸੀਵਰੇਜ ਦੀ ਸਮੱਸਿਆ ਨੂੰ ਲੈ ਕੇ ਕੀਤੀ ਨਾਅਰੇਬਾਜ਼ੀ

ਜਲਾਲਾਬਾਦ (ਜੀਤ ਕੁਮਾਰ)-ਸਥਾਨਕ ਸ਼ਹਿਰ ਦੀ ਅਗਰਵਾਲ ਕਲੋਨੀ ਤੇ ਜੰਮੂ ਬਸਤੀ ਵਿੱਚ ਪਿਛਲੇ ਕਾਫੀ ਸਮੇਂ ਤੋਂ ਸੀਵਰੇਜ ਦਾ ਪਾਣੀ ਗਲੀਆਂ ਵਿੱਚ ਓਵਰਫਲੋਅ ਹੋਣ ਕਾਰਨ ਲੋਕਾਂ ਨੂੰ ਬਦਬੂ ਵਾਲੇ ਮਾਹੌਲ ਵਿੱਚ ਰਹਿਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਚਾਹੇ ਕਿ ਇਸ ਸਮੱਸਿਆ ਦਾ ਹੱਲ ਕੱਢਣ ਲਈ ਨਗਰ ਕੌਂਸਲ ਵੱਲੋਂ ਯਤਨ ਕੀਤੇ ਜਾ ਰਹੇ ਹਨ, ਪਰ ਸੀਵਰੇਜ ਦਾ ਪਾਣੀ ਗਲੀਆਂ 'ਚੋਂ ਨਿਕਲਣ ਦੀ ਸਮੱਸਿਆ ਦਾ ਹੱਲ ਨਹੀਂ ਹੋ ਸਕਿਆ। ਪਿਛਲੇ ਕਾਫੀ ਸਮੇਂ ਤੋਂ ਅਗਰਵਾਲ ਕਲੋਨੀ ਤੇ ਜੰਮੂ ਬਸਤੀ ਵਾਸੀਆਂ ਨੇ ਨਗਰ ਕੌਂਸਲ ਨੂੰ ਇਸ ਸਮੱਸਿਆ ਦੇ ਹੱਲ ਦੀ ਅਪੀਲ ਕੀਤੀ ਸੀ ਤੇ ਇਸ ਮਸਲੇ ਦਾ ਕੋਈ ਹੱਲ ਨਾ ਹੋਣ 'ਤੇ ਅੱਜ ਕੌਂਸਲ ਦਫ਼ਤਰ ਅੱਗੇ ਧਰਨਾ ਦਿੱਤਾ ਗਿਆ। ਇੱਥੇ ਲੋਕਾਂ ਵੱਲੋਂ ਨਗਰ ਕੌਂਸਲ ਪ੍ਰਸ਼ਾਸਨ 'ਤੇ ਕੋਈ ਸੁਣਵਾਈ ਨਾ ਕਰਨ ਦਾ ਦੋਸ਼ ਲਾਉਂਦਿਆਂ ਰੋਸ ਮਾਰਚ ਕਰਦੇ ਹੋਏ ਫ਼ਿਰੋਜ਼ਪੁਰ-ਫਾਜ਼ਿਲਕਾ ਨੈਸ਼ਨਲ ਹਾਈਵੇ ਮਾਰਗ 'ਤੇ ਸਥਿਤ ਜਲਾਲਾਬਾਦ ਬੱਸ ਸਟੈਂਡ ਨੇੜੇ ਜਾਮ ਕਰਕੇ ਧਰਨਾ ਦਿੱਤਾ ਗਿਆ। ਇਸ ਧਰਨੇ 'ਚ ਕਿਸਾਨ ਜਥੇਬੰਦੀਆਂ ਨੇ ਵੀ ਪਹੁੰਚ ਕੇ ਕਲੋਨੀ ਵਾਸੀਆਂ ਦਾ ਸਾਥ ਦਿੱਤਾ। ਧਰਨਾਕਾਰੀਆਂ ਨੇ ਦੋਸ਼ ਲਾਇਆ ਕਿ ਅਗਰਵਾਲ ਕਲੋਨੀ, ਜੰਮੂ ਬਸਤੀ ਤੇ ਹੋਰ ਇਲਾਕਿਆਂ ਵਿੱਚ ਪਿਛਲੇ ਕਾਫੀ ਸਮੇਂ ਤੋਂ ਸੀਵਰੇਜ ਸਿਸਟਮ ਦਾ ਬੁਰਾ ਹਾਲ ਹੈ ਅਤੇ ਸੀਵਰੇਜ ਦਾ ਗੰਦਾ ਪਾਣੀ ਗਲੀਆਂ ਵਿੱਚ ਨਿਕਲ ਰਿਹਾ ਹੈ, ਜਿਸ ਕਾਰਨ ਲੋਕਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਣਵਾਈ ਨਾ ਹੋਣ ਕਾਰਨ ਲੋਕਾਂ ਨੇ ਕੜਾਕੇ ਦੀ ਗਰਮੀ ਵਿੱਚ ਸੜਕ 'ਤੇ ਧਰਨਾ ਦਿੱਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਗਰਵਾਲ ਕਲੋਨੀ ਵਾਸੀ ਰਾਜੂ ਖੇੜਾ, ਹਰਭਜਨ ਦਰਗਨ, ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਅਸ਼ੋਕ ਕੰਬੋਜ ਤੇ ਹੋਰਨਾਂ ਨੇ ਦੱਸਿਆ ਕਿ ਜਲਾਲਾਬਾਦ ਸ਼ਹਿਰ ਦੀ ਅਗਰਵਾਲ ਕਲੋਨੀ ਤੇ ਜੰਮੂ ਬਸਤੀ ਵਿੱਚ ਸੀਵਰੇਜ ਸਿਸਟਮ ਦਾ ਮਾੜਾ ਪ੍ਰਬੰਧ ਹੋਣ ਕਾਰਨ ਇਹ ਲੋਕਾਂ ਲਈ ਮੁਸੀਬਤ ਦਾ ਸਬੱਬ ਬਣਿਆ ਹੋਇਆ ਹੈ। ਗਲੀਆਂ ਵਿੱਚ ਸੀਵਰੇਜ ਗੰਦਾ ਪਾਣੀ ਇਕੱਠਾ ਹੋ ਜਾਂਦਾ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਲਗਾਤਾਰ ਸ਼ਿਕਾਇਤ ਦੀ ਸੁਣਵਾਈ ਨਹੀਂ ਹੋ ਰਹੀ। ਹੁਣ ਗੰਦਾ ਪਾਣੀ ਲੋਕਾਂ ਦੇ ਘਰਾਂ ਵਿੱਚ ਵੜਨ ਲੱਗਾ ਹੈ ਤਾਂ ਅਗਰਵਾਲ ਕਲੋਨੀ ਦੇ ਵਸਨੀਕਾਂ ਸਮੇਤ ਪੰਜਾਬ ਕਿਸਾਨ ਸਭਾ ਤੇ ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ ਨੇ ਹਾਈਵੇਅ ਜਾਮ ਕਰਕੇ ਧਰਨਾ ਦਿੱਤਾ ਹੈ। ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਜਦੋਂ ਤੱਕ ਉਨ੍ਹਾਂ ਦੀ ਸੁਣਵਾਈ ਨਹੀਂ ਹੁੰਦੀ, ਉਦੋਂ ਤੱਕ ਧਰਨਾ ਜਾਰੀ ਰਹੇਗਾ।

ਦੂਜੇ ਪਾਸੇ ਜਿਵੇਂ ਹੀ ਪ੍ਰਸ਼ਾਸਨ ਨੂੰ ਇਸ ਜਾਮ ਪ੍ਰਦਰਸ਼ਨ ਬਾਰੇ ਪਤਾ ਲੱਗਾ ਤਾਂ ਡੀ.ਐੱਸ.ਪੀ. ਅੱਛਰੂ ਰਾਮ ਸ਼ਰਮਾ ਤੇ ਥਾਣਾ ਇੰਚਾਰਜ ਸਿਟੀ ਪੁਲਸ ਮੁਲਾਜ਼ਮਾਂ ਨਾਲ ਪਹੁੰਚੇ ਅਤੇ ਧਰਨਾਕਾਰੀਆਂ ਨਾਲ ਗੱਲਬਾਤ ਕੀਤੀ ਗਈ ਅਤੇ ਇਸ ਸਮੱਸਿਆ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਗਿਆ।

ਪੁਰਾਣੇ ਝਗੜੇ ਦੇ ਚੱਲਦਿਆਂ ਨੌਜਵਾਨ ਦੀ ਕੁੱਟਮਾਰ, 4 ਖਿਲਾਫ ਮਾਮਲਾ ਦਰਜ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਥਾਣਾ ਤਲਵੰਡੀ ਭਾਈ ਅਧੀਨ ਆਉਂਦੇ ਪਿੰਡ ਵਾੜਾ ਜਵਾਹਰ ਸਿੰਘ ਵਾਲਾ ਵਿਖੇ ਪੁਰਾਣੇ ਝਗੜੇ ਦੇ ਚੱਲਦਿਆਂ ਇੱਕ ਨੌਜਵਾਨ ਦੀ ਕੁੱਟਮਾਰ ਕਰਕੇ ਸੱਟਾਂ ਮਾਰਨ ਦੇ ਦੋਸ਼ ਵਿੱਚ ਪੁਲਸ ਨੇ 4 ਵਿਅਕਤੀਆਂ ਖਿਲਾਫ 325, 323, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ।

ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਬਲਜਿੰਦਰ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਵਾੜਾ ਜਵਾਹਰ ਸਿੰਘ ਵਾਲਾ ਨੇ ਦੱਸਿਆ ਕਿ ਉਸ ਦਾ ਕੁਝ ਵਿਅਕਤੀਆਂ ਨਾਲ ਪੁਰਾਣਾ ਝਗੜਾ ਚੱਲ ਰਿਹਾ ਹੈ। ਉਸ ਨੇ ਦੱਸਿਆ ਕਿ ਉਹ ਪਿੰਡ ਵਾੜਾ ਜਵਾਹਰ ਸਿੰਘ ਵਾਲਾ ਵਿਖੇ ਵਾਟਰ ਵਰਕਸ 'ਤੇ ਪ੍ਰਾਈਵੇਟ ਤੌਰ 'ਤੇ ਨੌਕਰੀ ਕਰਦਾ ਹੈ ਤੇ ਵਾਟਰ ਵਰਕਸ 'ਤੇ ਲੱਗੀ ਮੋਟਰ ਦਾ ਹਰ ਘਰ ਨੂੰ 100 ਰੁਪਏ ਬਿੱਲ ਪੰਚਾਇਤ ਵੱਲੋਂ ਲਗਾਇਆ ਹੈ। ਬਲਜਿੰਦਰ ਸਿੰਘ ਨੇ ਦੱਸਿਆ ਕਿ ਉਹ ਘਰਾਂ ਵਿੱਚੋਂ ਬਿੱਲ ਇਕੱਠਾ ਕਰਨ ਆਇਆ ਸੀ ਤਾਂ ਦੋਸ਼ੀਆਨ ਹਰਭਜਨ ਸਿੰਘ ਪੁੱਤਰ ਜਗਜੀਤ ਸਿੰਘ, ਰੁਪਿੰਦਰ ਸਿੰਘ ਪੁੱਤਰ ਚਮਕੌਰ ਸਿੰਘ, ਮਨਜਿੰਦਰ ਸਿੰਘ ਪੁੱਤਰ ਕੇਵਲ ਸਿੰਘ, ਜਸ਼ਨਦੀਪ ਸਿੰਘ ਪੁੱਤਰ ਤੇਜ ਸਿੰਘ ਵਾਸੀਅਨ ਵਾੜਾ ਜਵਾਹਰ ਸਿੰਘ ਵਾਲਾ ਨੇ ਸਕਾਰਪਿਓ ਗੱਡੀ 'ਤੇ ਸਵਾਰ ਹੋ ਕੇ ਆਏ ਤੇ ਝਗੜੇ ਦੇ ਚੱਲਦਿਆਂ ਉਸ ਦੀ ਕੁੱਟਮਾਰ ਕੀਤੀ ਤੇ ਸੱਟਾਂ ਮਾਰੀਆਂ।

ਬਲਜਿੰਦਰ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਚੱਲ ਰਿਹਾ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਸਹਾਇਕ ਥਾਣੇਦਾਰ ਬਲਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਕਮਿਊਟੇਸ਼ਨ ਦੀ ਰਿਕਵਰੀ ਸੰਬੰਧੀ ਹਾਈ ਕੋਰਟ ਦਾ ਅੰਤਰਿਮ ਫੈਸਲਾ ਲਾਗੂ ਕਰਨ ਦੀ ਮੰਗ

ਪੰਜਾਬ ਪੈਨਸ਼ਨਰਜ਼ ਯੂਨੀਅਨ ਨੇ ਮੁੱਖ ਸਕੱਤਰ ਪੰਜਾਬ ਸਰਕਾਰ ਤੇ ਵਿੱਤ ਸਕੱਤਰ ਪੰਜਾਬ ਸਰਕਾਰ ਨੂੰ ਲਿਖਿਆ ਪੱਤਰ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਪੈਨਸ਼ਨਰਜ਼ ਯੂਨੀਅਨ ਸਬੰਧਤ ਏਟਕ ਦੇ ਸੂਬਾਈ ਪ੍ਰਧਾਨ ਜਗਦੀਸ਼ ਸਿੰਘ ਚਾਹਲ ਤੇ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਮੁੱਖ ਸਕੱਤਰ ਪੰਜਾਬ ਸਰਕਾਰ ਅਤੇ ਵਿੱਤ ਸਕੱਤਰ ਪੰਜਾਬ ਸਰਕਾਰ ਦੇ ਨਾਂਅ ਇੱਕ ਰਜਿਸਟਰਡ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸਿਵਲ ਰਿੱਟ ਪਟੀਸ਼ਨ ਨੰਬਰ 14022 ਆਫ 2024 ਤੇ ਕਈ ਹੋਰ ਪਟੀਸ਼ਨਾਂ ਵਿੱਚ ਦਿੱਤੇ ਗਏ ਵੱਖ-ਵੱਖ ਅੰਤਰਿਮ ਫੈਸਲਿਆਂ ਦੀ ਰੌਸ਼ਨੀ ਵਿੱਚ ਪੰਜਾਬ ਸਰਕਾਰ ਦੀ ਵੱਖ ਵੱਖ ਵਿਭਾਗਾਂ ਵਿੱਚੋਂ ਸੇਵਾ ਮੁਕਤ ਹੋਏ ਪੈਨਸ਼ਨਰਾਂ ਦੇ 10 ਸਾਲ ਤੋਂ ਬਾਅਦ ਕਮਿਊਟੇਸ਼ਨ ਦੀ ਕਟੌਤੀ ਬੰਦ ਕਰਨ ਸਬੰਧੀ ਹੋਏ ਫੈਸਲੇ ਤੁਰੰਤ ਲਾਗੂ ਕੀਤੇ ਜਾਣ।

ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਪਣੇ ਰਿਟਾਇਰ ਹੋਏ ਪੈਨਸ਼ਨਰਜ਼ ਨੂੰ ਕਮਿਊਨਟੇਸ਼ਨ ਨੀਤੀ ਤਹਿਤ ਰਾਸ਼ੀ ਅਦਾ ਕੀਤੀ ਜਾਂਦੀ ਹੈ ਤੇ ਇਹ ਰਾਸ਼ੀ 15 ਸਾਲਾਂ ਵਿੱਚ 180 ਮਹੀਨਿਆਂ ਦੌਰਾਨ ਮਹੀਨਾਵਾਰ ਕਟੌਤੀ ਕਰਵਾ ਕੇ ਵਾਪਸ ਕਰਨੀ ਪੈਂਦੀ ਹੈ।ਇਸ ਰਿਕਵਰੀ ਦੀ ਕਟੌਤੀ ਬਹੁਤ ਉੱਚੀ ਵਿਆਜ ਦਰ ਨਾਲ ਨਿਸ਼ਚਿਤ ਕੀਤੀ ਗਈ ਹੈ, ਜਦਕਿ ਪਿਛਲੇ ਕਾਫੀ ਸਮੇਂ ਤੋਂ ਵੱਖ ਵੱਖ ਤਰ੍ਹਾਂ ਦੇ ਵਿਆਜ ਦੀਆਂ ਦਰਾਂ ਵਿੱਚ ਕਾਫੀ ਕਮੀ ਆ ਚੁੱਕੀ ਹੈ।ਪੰਜਾਬ ਸਰਕਾਰ ਵੱਲੋਂ ਇਸ ਨੀਤੀ ਤਹਿਤ ਕੀਤੀ ਜਾਂਦੀ ਮਹੀਨਾਵਾਰ ਰਿਕਵਰੀ ਮੌਜੂਦਾ ਸਮੇਂ ਵਿੱਚ ਅਣ-ਉਚਿਤ ਹੋ ਗਈ ਹੈ।

ਪੰਜਾਬ ਸਰਕਾਰ ਦੇ ਇਸ ਫੈਸਲੇ ਤੋਂ ਪ੍ਰੇਸ਼ਾਨ ਕਈ ਪੈਨਸ਼ਨਰਜ਼ ਨੇ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਦਾ ਰੁੱਖ ਕੀਤਾ ਸੀ।ਆਗੂਆਂ ਨੇ ਕਿਹਾ ਕਿ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਬਹੁਤ ਸਾਰੀਆਂ ਸਿਵਲ ਰਿੱਟ ਪਟੀਸ਼ਨਾਂ ਵਿੱਚ ਰਿਕਵਰੀ ਸਟੇਅ ਕਰ ਦਿੱਤੀ ਗਈ ਹੈ।

ਆਗੂਆਂ ਨੇ ਆਪਣੇ ਪੱਤਰ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪੰਜਾਬ ਸਰਕਾਰ ਦੇ ਪੱਧਰ 'ਤੇ ਵਿਭਾਗੀ ਹਦਾਇਤਾਂ ਜਾਰੀ ਕਰਕੇ ਜਿਨ੍ਹਾਂ ਪੈਨਸ਼ਨਰ ਦੀ ਕਟੌਤੀ 10 ਸਾਲ ਜਾਂ ਇਸ ਤੋਂ ਵਧੇਰੇ ਸਮੇਂ ਦੀ ਹੋ ਚੁੱਕੀ ਹੈ।ਉਨ੍ਹਾਂ ਪੈਨਸ਼ਨਰ ਦੀ ਅਗਲੀ ਰਿਕਵਰੀ (ਕਟੌਤੀ) ਬੰਦ ਕਰ ਦਿੱਤੀ ਜਾਵੇ ਤੇ ਹੋਰ ਕਾਨੂੰਨੀ ਕੇਸਾਂ ਤੋਂ ਬਚਾਅ ਲਈ ਇਹ ਫੈਸਲਾ ਯੋਗ ਨਾਨ-ਪਟੀਸ਼ਨਰਜ਼ 'ਤੇ ਵੀ ਲਾਗੂ ਕਰ ਦਿੱਤਾ ਜਾਵੇ।

ਕਾਤਰਾਂ

ਪੰਜਾਬੀ ਨੌਜਵਾਨ ਦੀ ਬਹਿਰੀਨ 'ਚ ਮੌਤ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਰੋਜ਼ੀ-ਰੋਟੀ ਲਈ ਵਿਦੇਸ਼ ਬਹਿਰੀਨ ਗਏ ਇੱਕ ਵਿਅਕਤੀ ਦੀ ਸੜਕ ਹਾਦਸੇ ਵਿੱਚ ਮੌਤ ਹੋ ਜਾਣ ਦੀ ਖਬਰ ਮਿਲੀ ਹੈ।ਜਾਣਕਾਰੀ ਅਨੁਸਾਰ ਮ੍ਰਿਤਕ ਦੀ ਪਛਾਣ ਮਨਜੀਤ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਪਿੰਡ ਕਮਲਾ ਬੋਦਲਾ ਨੇੜੇ ਮੱਲਾਂਵਾਲਾ ਵਜੋਂ ਹੋਈ ਹੈ।ਇਸ ਖਬਰ ਤੋਂ ਬਾਅਦ ਪੂਰੇ ਇਲਾਕੇ 'ਚ ਸੋਗ ਦੀ ਲਹਿਰ ਫੈਲ ਗਈ ਹੈ।ਮਨਜੀਤ ਸਿੰਘ ਨੇ ਕੁਝ ਦਿਨਾਂ ਵਿੱਚ ਪੰਜਾਬ ਆਉਣਾ ਸੀ, ਪਰ ਉਸ ਤੋਂ ਪਹਿਲਾਂ ਹੀ ਇਹ ਹਾਦਸਾ ਵਾਪਰ ਗਿਆ।ਜ਼ਿਕਰਯੋਗ ਹੈ ਕਿ ਮਨਜੀਤ ਸਿੰਘ ਕਰੀਬ 6 ਸਾਲ ਪਹਿਲਾਂ ਬਹਿਰੀਨ ਗਿਆ ਸੀ।ਬੀਤੀ ਸ਼ਾਮ ਜਦੋਂ ਉਹ ਸੜਕ ਪਾਰ ਕਰ ਰਿਹਾ ਸੀ ਤਾਂ ਇਕ ਤੇਜ਼ ਰਫਤਾਰ ਕਾਰ ਨੇ ਉਸ ਨੂੰ ਕੁਚਲ ਦਿੱਤਾ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।ਮ੍ਰਿਤਕ ਆਪਣੇ ਪਿੱਛੇ ਪਤਨੀ ਤੇ 2 ਬੱਚੇ ਛੱਡ ਗਿਆ ਹੈ।

ਕੇਂਦਰੀ ਜੇਲ੍ਹ 'ਚੋਂ ਮੋਬਾਈਲ ਤੇ ਹੋਰ ਸਾਮਾਨ ਬਰਾਮਦ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਕੇਂਦਰੀ ਜੇਲ੍ਹ ਫ਼ਿਰੋਜ਼ਪੁਰ ਵਿੱਚ ਸਹਾਇਕ ਸੁਪਰਡੈਂਟ ਸਰਬਜੀਤ ਸਿੰਘ ਦੀ ਅਗਵਾਈ ਵਿੱਚ ਜੇਲ੍ਹ ਸਟਾਫ਼ ਵੱਲੋਂ ਕੀਤੀ ਗਈ ਤਲਾਸ਼ੀ ਦੌਰਾਨ ਕੈਦੀ ਕੋਲੋਂ ਇੱਕ ਮੋਬਾਈਲ ਫ਼ੋਨ, ਤੰਬਾਕੂ ਦੀਆਂ ਸ਼ੀਸ਼ੀਆਂ ਤੇ ਇੱਕ ਮੋਬਾਈਲ ਫ਼ੋਨ ਲਾਵਾਰਸ ਹਾਲਤ ਵਿੱਚ ਬਰਾਮਦ ਹੋਇਆ। ਥਾਣਾ ਸਿਟੀ ਫ਼ਿਰੋਜ਼ਪੁਰ ਦੀ ਪੁਲਸ ਨੇ ਕੈਦੀ ਪਰਮਜੀਤ ਸਿੰਘ ਉਰਫ਼ ਪੰਮਾ ਤੇ ਇੱਕ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਗੁਰਮੇਲ ਸਿੰਘ ਨੇ ਦੱਸਿਆ ਕਿ ਜੇਲ੍ਹ ਪ੍ਰਸ਼ਾਸਨ ਨੇ ਪੁਲਸ ਨੂੰ ਲਿਖਤੀ ਜਾਣਕਾਰੀ ਵਿੱਚ ਦੱਸਿਆ ਹੈ ਕਿ ਜਦੋਂ ਉਨ੍ਹਾਂ ਨੇ ਜੇਲ੍ਹ ਦੇ ਬਲਾਕ ਨੰਬਰ 3 ਦੀ ਬੈਰਕ ਨੰਬਰ 4 ਦੀ ਤਲਾਸ਼ੀ ਲਈ ਤਾਂ ਕੈਦੀ ਪਰਮਜੀਤ ਸਿੰਘ ਕੋਲੋਂ 3 ਪੈਕਟ ਤੰਬਾਕੂ ਜਰਦੇ ਦੇ ਬਰਾਮਦ ਹੋਏ ਅਤੇ ਬੈਰਕ ਦੇ ਅੰਦਰੋਂ ਬਾਥਰੂਮ ਦੀ ਤਲਾਸ਼ੀ ਲੈਣ 'ਤੇ ਇਕ ਸੈਮਸੰਗ ਕੀਪੈਡ ਮੋਬਾਈਲ ਫੋਨ ਬਰਾਮਦ ਹੋਇਆ।

ਮਮੂਲੀ ਝਗੜੇ ਤੋਂ ਬਾਅਦ ਨਾਬਾਲਿਗ ਲੜਕੇ ਵੱਲੋਂ ਮਾਂ ਦਾ ਕਤਲ

ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਫਰੀਦਕੋਟ ਦੇ ਭੋਲੂਵਾਲਾ ਰੋਡ 'ਤੇ ਰਹਿੰਦੇ ਇੱਕ ਪ੍ਰਵਾਸੀ ਪਰਿਵਾਰ ਦੇ ਇੱਕ ਨਾਬਾਲਗ ਲੜਕੇ ਵੱਲੋਂ ਘਰ ਵਿੱਚ ਹੋਏ ਮਮੂਲੀ ਝਗੜੇ ਤੋਂ ਬਾਅਦ ਆਪਣੀ ਮਾਂ ਦਾ ਨਲਕੇ ਦੀ ਹੱਥੀ ਦੇ ਵਾਰ ਕਰ ਕਤਲ ਕਰ ਦਿੱਤਾ।ਜਾਣਕਾਰੀ ਦਿੰਦੇ ਹੋਏ ਪੁਲਸ ਅਧਿਕਾਰੀ ਐੱਸ ਐੱਚ ਓ ਮਲਕੀਤ ਸਿੰਘ ਨੇ ਦੱਸਿਆ ਉਨ੍ਹਾ ਨੂੰ ਸੂਚਨਾ ਮਿਲੀ ਸੀ ਕਿ ਭੋਲੂਵਾਲਾ ਰੋਡ 'ਤੇ ਇੱਕ ਔਰਤ ਦਾ ਕਤਲ ਹੋਇਆ ਹੈ ਅਤੇ ਜਦੋਂ ਉਹ ਮੌਕੇ 'ਤੇ ਪੁੱਜੇ ਤਾਂ ਜਾਣਕਾਰੀ ਸਾਹਮਣੇ ਆਈ ਕਿ ਇਹ ਇੱਕ ਪਰਵਾਸੀ ਪਰਿਵਾਰ ਹੈ, ਜਿਸ ਦੇ ਨਾਬਾਲਗ ਲੜਕੇ ਵੱਲੋਂ ਆਪਣੀ ਮਾਂ ਨਾਲ ਹੋਏ ਮਮੂਲੀ ਝਗੜੇ ਤੋਂ ਬਾਅਦ ਗੁੱਸੇ 'ਚ ਆ ਕੇ ਲੋਹੇ ਦੀ ਹੱਥੀ ਨਾਲ ਲਾਗਾਤਰ ਆਪਣੀ ਮਾਂ 'ਤੇ ਵਾਰ ਕੀਤੇ, ਜਿਸ ਨਾਲ ਉਕਤ ਮਹਿਲਾ ਸੁਨੀਤਾ ਦੇਵੀ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਿਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਮੈਡੀਕਲ ਹਸਪਤਾਲ ਭੇਜਿਆ ਹੈ ਅਤੇ ਮ੍ਰਿਤਕਾ ਦੇ ਰਿਸ਼ਤੇਦਾਰਾਂ ਦੇ ਬਿਆਨ ਦਰਜ ਕਰ ਅਗਲੀ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।ਫਿਲਹਾਲ ਇਸ ਮਾਮਲੇ 'ਚ ਹਾਲੇ ਆਰੋਪੀ ਦੀ ਗ੍ਰਿਫ਼ਤਾਰੀ ਨਹੀਂ ਹੋ ਸਕੀ।

ਪੰਜਾਬ 'ਚ ਕੁੰਡੀ ਕੁਨੈਕਸ਼ਨ ਜਾਰੀ, ਪਾਵਰਕਾਮ ਵੱਲੋਂ ਬਿਜਲੀ ਚੋਰੀ ਦੇ ਅੰਕੜੇ ਜਾਰੀ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ)-ਪੰਜਾਬ ਵਿੱਚ ਕੁੰਡੀ ਕੁਨੈਕਸ਼ਨ ਦੇ ਮਾਮਲੇ ਘਟਣ ਦੀ ਬਜਾਏ ਵੱਧਦੇ ਜਾ ਰਹੇ ਹਨ।ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਅਨੁਸਾਰ, ਰਾਜ ਵਿੱਚ ਵਿੱਤੀ ਸਾਲ 2023-24 ਦੌਰਾਨ ਕੁਨੈਕਸ਼ਨਾਂ ਰਾਹੀਂ ਬਿਜਲੀ ਚੋਰੀ ਦੇ ਮਾਮਲਿਆਂ ਵਿੱਚ 112 ਪ੍ਰਤੀਸ਼ਤ ਵਾਧਾ ਹੋਇਆ ਹੈ।ਜਾਣਕਾਰੀ ਅਨੁਸਾਰ ਪਾਵਰਕਾਮ ਨੂੰ ਪਿਛਲੇ ਵਿੱਤੀ ਸਾਲ ਦੌਰਾਨ ਬਿਜਲੀ ਚੋਰੀ ਤੇ ਅਣ-ਅਧਿਕਾਰਤ ਕੁਨੈਕਸ਼ਨਾਂ ਜਾਂ ਕੱਟੇ ਜਾਣ ਕਾਰਨ 184 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ।ਇਸ ਵਿੱਚੋਂ ਪਾਵਰਕਾਮ ਨੇ ਉਲੰਘਣਾ ਕਰਨ ਵਾਲਿਆਂ ਤੋਂ 164 ਕਰੋੜ ਰੁਪਏ ਦਾ ਜੁਰਮਾਨਾ ਵਸੂਲਿਆ।ਪਾਵਰਕਾਮ ਨੇ ਰਾਜ ਨੂੰ 5 ਜ਼ੋਨਾਂ ਵਿੱਚ ਵੰਡਿਆ ਹੈ ਅਤੇ 2020-21 ਵਿੱਚ ਕੁੱਲ 7.97 ਲੱਖ ਬਿਜਲੀ ਕੁਨੈਕਸ਼ਨਾਂ ਦੀ ਜਾਂਚ ਕੀਤੀ ਗਈ ਹੈ।ਇਸ ਵਿੱਚ ਵੱਖ-ਵੱਖ ਕਾਰਨਾਂ ਕਰਕੇ ਬਿਜਲੀ ਦਾ ਨੁਕਸਾਨ ਹੋਣ ਕਾਰਨ 130 ਕਰੋੜ ਰੁਪਏ ਦੀ ਬਿਜਲੀ ਲੀਕੇਜ ਪਾਈ ਗਈ, ਜਦੋਂਕਿ ਰਿਕਵਰੀ ਵਜੋਂ ਸਿਰਫ਼ 83.15 ਕਰੋੜ ਰੁਪਏ ਹੀ ਵਸੂਲੇ ਜਾ ਸਕੇ।ਅਧਿਕਾਰਤ ਜਾਣਕਾਰੀ ਮੁਤਾਬਕ ਸਾਲ 2022-23 'ਚ 119 ਕਰੋੜ ਰੁਪਏ ਦੀ ਬਿਜਲੀ ਚੋਰੀ ਹੋਈ ਸੀ।ਜਦੋਂ

12-Jun-PAGE-8.qxd 6/11/2024 11:31 PM Page 1

ਅਧਿਆਪਕਾਂ ਨੂੰ ਆਫਲਾਈਨ ਬਦਲੀ ਕਰਵਾਉਣ ਦਾ ਮੌਕਾ ਦਿੱਤਾ ਜਾਵੇ : ਸੰਜੀਵ ਅਰੋੜਾ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਭਾਰਤ ਵਿਕਾਸ ਪਰਿਸ਼ਦ ਦੇ ਜ਼ਿਲ੍ਹਾ ਪ੍ਰਧਾਨ ਅਤੇ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਅਧਿਆਪਕਾਂ ਦੀਆਂ ਬਦਲੀਆਂ ਕਰਦੇ ਸਮੇਂ ਜਿਨ੍ਹਾਂ ਅਧਿਆਪਕਾਂ ਦੀ ਸੇਵਾ ਦੋ ਸਾਲ ਤੋਂ ਘੱਟ ਸਮੇਂ ਦੀ ਰਹਿੰਦੀ ਹੈ ਉਹਨਾਂ ਦੀਆਂ ਬਦਲੀਆਂ ਆਫਲਾਈਨ ਤਰੀਕੇ ਨਾਲ ਪਹਿਲ ਦੇ ਅਧਾਰ 'ਤੇ ਕੀਤੀਆਂ ਜਾਣ।ਉਹਨਾਂ ਕਿਹਾ ਕਿ ਹਰ ਅਧਿਆਪਕ ਨੂੰ ਇਹ ਹੱਕ ਹੁੰਦਾ ਕਿ ਉਹ ਆਪਣੀ ਸੇਵਾ ਦੇ ਦੌਰਾਨ ਆਪਣੇ ਮਨ ਪਸੰਦ ਸਟੇਸ਼ਨ ਤੇ ਆਪਣੀ ਸੇਵਾ ਦੇ ਸਕੇ । ਅਰੋੜਾ ਨੇ ਕਿਹਾ ਕਿ ਜਿਸ ਤਰ੍ਹਾਂ ਸਰਕਾਰ ਨੇ ਗੰਭੀਰ ਬਿਮਾਰੀਆਂ ਵਾਲੇ ਕਰਮਚਾਰੀਆਂ ਨੂੰ ਪਹਿਲ ਦੇ ਅਧਾਰ 'ਤੇ ਆਫਲਾਈਨ ਬਦਲੀ ਕਰਵਾਉਣ ਦਾ ਅਧਿਕਾਰ ਦਿੱਤਾ ਹੈ ਉਸੀ ਤਰਜ 'ਤੇ ਆਪਣੀ ਸੇਵਾ ਦੇ ਅਖੀਰੀ ਸਾਲਾਂ ਵਿਚ ਅਧਿਆਪਕਾਂ ਅਤੇ ਦੂਸਰੇ ਕਰਮਚਾਰੀਆਂ ਨੂੰ ਆਪਣੀ ਆਪਣੇ ਮਨ ਪਸੰਦ ਦੇ ਸਟੇਸ਼ਨ ਤੇ ਬਦਲੀ ਕਰਵਾ ਕੇ ਸੇਵਾ ਮੁਕਤ ਹੋਣ ਦਾ ਮੌਕਾ ਦੇਣਾ ਚਾਹੀਦਾ ਹੈ ਅਤੇ ਇਹ ਸਾਰਿਆਂ ਕਰਮਚਾਰੀਆਂ ਤੇ ਅਧਿਆਪਕਾਂ 'ਤੇ ਲਾਗੂ ਹੋਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਸਿੱਖਿਆ ਵਿਭਾਗ ਦੇ ਕਰਮਚਾਰੀ ਆਪਦੀ ਡਿਊਟੀ ਨੂੰ ਪੂਰੀ ਤਨਦੇਹੀ ਨਾਲ ਅੰਜਾਮ ਦਿੰਦੇ ਹਨ। ਪਰ ਕਈ ਵਾਰ ਉਹਨਾਂ ਦੇ ਮਨ ਵਿੱਚ ਖਟਾਸ ਰਹਿ ਜਾਂਦੀ ਹੈ ਕਿ ਆਪਣੇ ਪਸੰਦ ਦੇ ਸਟੇਸ਼ਨ 'ਤੇ ਨਹੀਂ ਪਹੁੰਚ ਸਕੇ ।

ਇਸ ਤੋਂ ਇਲਾਵਾ ਬਦਲੀਆਂ ਤੇ ਦੋ ਸਾਲ ਦੇ ਸਟੇ ਨੂੰ ਵੀ ਪੂਰੀ ਤਰ੍ਹਾਂ ਹਟਾ ਦੇਣਾ ਚਾਹੀਦਾ ਹੈ। ਕਿਉਂਕਿ ਅਧਿਆਪਕ ਨੇ ਤਾਂ ਕੰਮ ਹੀ ਕਰਨਾ ਹੈ ਚਾਹੇ ਉਹ ਇੱਕ ਸਕੂਲ ਵਿੱਚ ਕਰੇ ਜਾਂ ਦੂਸਰੇ ਵਿੱਚ। ਅਰੋੜਾ ਨੇ ਕਿਹਾ ਕਿ ਜੇਕਰ ਸਿੱਖਿਆ ਵਿਭਾਗ ਦੋ ਸਾਲ ਤੋਂ ਘੱਟ ਸੇਵਾ ਰਹਿਨ ਵਾਲੇ ਅਧਿਆਪਕਾਂ ਨੂੰ ਆਫਲਾਈਨ ਪਹਿਲ ਦੇ ਅਧਾਰ 'ਤੇ ਬਦਲੀ ਕਰਵਾਉਣ ਦਾ ਮੌਕਾ ਦਿੰਦਾ ਹੈ ਤਾਂ ਇਸ ਨਾਲ ਸਰਕਾਰ ਦੀ ਇਮੇਜ ਵੀ ਸੁਧਰੇਗੀ ਕਿਉਂਕਿ ਪਿਛਲੇ ਕੁਝ ਦਿਨਾਂ ਦੌਰਾਨ ਸਰਕਾਰ ਨੇ 2022 ਵਿੱਚ ਬਦਲੀ ਕਰਵਾਉਣ ਵਾਲੇ ਅਧਿਆਪਕਾਂ ਨੂੰ ਬਦਲੀ ਰੱਦ ਕਰਵਾਉਣ ਦਾ ਮੌਕਾ ਨਹੀਂ ਦਿੱਤਾ ਸੀ ਜਿਸ ਦਾ ਖਾਮਿਆਜਾ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਭੁਗਤਣਾ ਪਿਆ। ਜਦਕਿ 2021 ਅਤੇ 2023 ਵਿੱਚ ਬਦਲੀ ਕਰਵਾਉਣ ਵਾਲਿਆਂ ਨੂੰ ਆਪਣੀ ਬਦਲੀ ਰੱਦ ਕਰਵਾਉਣ ਦਾ ਮੌਕਾ ਦਿੱਤਾ ਗਿਆ ਸੀ। 2022 ਵਿੱਚ ਬਦਲੀ ਕਰਵਾਉਣ ਵਾਲੇ ਅਧਿਆਪਕਾਂ ਨੇ ਵੱਡੀ ਗਿਣਤੀ ਵਿੱਚ ਸਰਕਾਰ ਦੇ ਖਿਲਾਫ ਮੋਰਚਾ ਖੋਲ ਲਿਆ ਤੇ ਇਹੀ ਕਾਰਨ ਰਿਹਾ ਕਿ ਲੋਕ ਸਭਾ ਚੋਣਾਂ ਵਿੱਚ ਉਮੀਦ ਮੁਤਾਬਕ ਸੱਤਾਧਾਰੀ ਪਾਰਟੀ ਜਿੱਤ ਨਹੀਂ ਪ੍ਰਾਪਤ ਕਰ ਸਕੀ।

ਅਜੇ ਵੀ ਸਰਕਾਰ ਦੇ ਕੋਲ ਮੌਕਾ ਹੈ ਕਿ ਕਰਮਚਾਰੀ ਅਤੇ ਅਧਿਆਪਕਾਂ ਦੀ ਰਾਇ ਦੇ ਅਨੁਸਾਰ ਉਹਨਾਂ ਨੂੰ ਆਪਣੀ ਸਹੂਲਤ ਦੇ ਮੁਤਾਬਕ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਰਾਹੀਂ ਆਫਲਾਈਨ ਬਦਲੀ ਕਰਵਾਉਣ ਦਾ ਮੌਕਾ ਦੇਵੇ। ਜੇਕਰ ਇਦਾਂ ਨਾ ਹੋਇਆ ਤਾਂ ਇਹ ਕਰਮਚਾਰੀ 2027 ਤੋਂ ਪਹਿਲਾਂ ਰਿਟਾਇਰ ਹੋ ਜਾਣਗੇ ਅਤੇ 2027 ਵਿੱਚ ਹੋਣ ਵਾਲੀ ਵਿਧਾਨ ਸਭਾ ਚੋਣਾਂ ਵਿੱਚ ਉਹ ਆਮ ਆਦਮੀ ਪਾਰਟੀ ਦੇ ਖਿਲਾਫ ਹਵਾ ਬਣਾਉਣ ਦਾ ਕੰਮ ਕਰਨਗੇ । ਉਹਨਾਂ ਉਮੀਦ ਜਾਹਿਰ ਕੀਤੀ ਕਿ ਮੁੱਖ ਮੰਤਰੀ ਉਹਨਾਂ ਨੂੰ ਨਿਰਾਸ਼ ਨਹੀਂ ਕਰਨਗੇ ਅਤੇ ਦੋ ਸਾਲ ਤੋਂ ਘੱਟ ਜਿਨਾਂ ਅਧਿਆਪਕਾਂ ਦੀ ਸੇਵਾ ਰਹਿੰਦੀ ਹੈ ਉਹਨਾਂ ਨੂੰ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਰਾਹੀਂ ਆਫਲਾਈਨ ਬਦਲੀ ਕਰਾਉਣ ਦਾ ਮੌਕਾ ਜਰੂਰ ਦੇਣਗੇ।

ਮੇਹਰ ਚੰਦ ਪੋਲੀਟੈਕਨਿਕ ਕਾਲਜ ਦੇ ਵਿਦਿਆਰਥੀਆਂ ਵੱਲੋਂ ਸਮਾਰਟ ਬਾਈਕ ਵਾਹਨ ਤਿਆਰ

ਜਲੰਧਰ (ਸ਼ੈਲੀ ਐਲਬਰਟ):- ਪ੍ਰਿੰਸੀਪਲ ਡਾ. ਜਗਰੂਪ ਸਿੰਘ, ਅਤੇ ਪ੍ਰਿੰਸ ਮਦਾਨ, ਐਚ.ਓ.ਡੀ. ਦੀ ਯੋਗ ਦਿਸ਼ਾ-ਨਿਰਦੇਸ਼ ਅਤੇ ਪ੍ਰੇਰਣਾ ਨਾਲ ਇਲੈਕਟ੍ਰੋਨਿਕਸ ਅਤੇ ਸੰਚਾਰ ਇੰਜੀਨੀਅਰਿੰਗ (ਈ.ਸੀ.ਈ.) ਵਿਭਾਗ ਦੇ ਵਿਦਿਆਰਥੀਆਂ ਨੇ ਇੱਕ ਸਮਾਰਟ ਬਾਈਕ ਵਾਹਨ ਤਿਆਰ ਕੀਤਾ ਹੈ ਜੋ ਪੈਟਰੋਲ ਮਾਪਣ ਅਤੇ ਦੁਰਘਟਨਾ ਸੁਰੱਖਿਆ ਪ੍ਰਣਾਲੀਆਂ ਨਾਲ ਸਜਿਆ ਹੋਇਆ ਹੈ। ਇਹ ਨਵੀਨਤਾਕਾਰੀ ਪ੍ਰੋਜੈਕਟ ਅੰਤਿਮ ਸਾਲ ਦੇ ਵਿਦਿਆਰਥੀਆਂ ਪ੍ਰਿੰਸ ਭਗਤ, ਮਾਧਵ ਸ਼ਰਮਾ, ਸ਼ਿਵਮ ਅਤੇ ਇਸ਼ਾਨੰਤ ਦੁਆਰਾ ਤਿਆਰ ਕੀਤਾ ਗਿਆ ਹੈ, ਜੋ ਵਾਹਨ ਸੁਰੱਖਿਆ ਅਤੇ ਕੁਸ਼ਲਤਾ ਨੂੰ ਵਧਾਉਣ ਲਈ ਇੰਜੀਨੀਅਰਿੰਗ ਦੇ ਸਿਧਾਂਤਾਂ ਦੇ ਉਹਨਾਂ ਦੇ ਵਿਹਾਰਕ ਉਪਯੋਗ ਨੂੰ ਦਰਸਾਉਂਦਾ ਹੈ। ਸਮਾਰਟ ਬਾਈਕ ਵਾਹਨ ਨੂੰ ਸਹੀ ਅਤੇ ਤਤਕਾਲ ਪੈਟਰੋਲ ਪੱਧਰ ਦੀ ਨਿਗਰਾਨੀ ਕਰਨ ਲਈ ਡਿਜ਼ਾਈਨ ਕੀਤਾ ਗਿਆ ਹੈ, ਜੋ ਸਵਾਰੀਆਂ ਨੂੰ ਅਣਜਾਣੇ ਵਿਚ ਕਮੀ ਹੋਣ ਤੋਂ ਬਚਾਉਂਦਾ ਹੈ ਅਤੇ ਪੈਟਰੋਲ ਪੰਪ ਮਾਲਕਾਂ ਦੁਆਰਾ ਕੀਤੇ ਜਾਣ ਵਾਲੇ ਘੋਟਾਲਿਆਂ ਤੋਂ ਬਚਣ ਵਿੱਚ ਮਦਦ ਕਰਦਾ ਹੈ। ਇਸ ਵਿੱਚ ਪ੍ਰੋਸੈਸਡ ਜਾਣਕਾਰੀ ਬਾਈਕ ਦੇ ਡੈਸ਼ਬੋਰਡ 'ਤੇ ਡਿਜੀਟਲ ਇੰਟਰਫੇਸ ਰਾਹੀਂ ਰਾਈਡਰ ਨੂੰ ਦਿਖਾਈ ਜਾਂਦੀ ਹੈ। ਇਹ ਇੰਟਰਫੇਸ ਲੀਟਰਾਂ ਵਿੱਚ ਜਾਂ ਕੁੱਲ ਟੈਂਕ ਸਮਰੱਥਾ ਦੇ ਪ੍ਰਤੀਸ਼ਤ ਵਜੋਂ ਸਹੀ ਪੈਟਰੋਲ ਪੱਧਰ ਦਿਖਾ ਸਕਦਾ ਹੈ। ਇਸ ਵਿੱਚ ਇੱਕ ਨਵੀਂ ਸੁਰੱਖਿਆ ਵਿਸ਼ੇਸ਼ਤਾ ਸ਼ਾਮਲ ਹੈ ਜੋ ਇੱਕ ਗਾਇਰੋ ਸੈਂਸਰ ਅਤੇ ਟਿਲਟ ਸੈਂਸਰ ਦੀ ਵਰਤੋਂ ਕਰਦਾ ਹੈ। ਇਹ ਸਿਸਟਮ ਇੰਜਣ ਨੂੰ ਆਪਣੇ ਆਪ ਬੰਦ ਕਰਨ ਲਈ ਤਿਆਰ ਕੀਤਾ ਗਿਆ ਹੈ ਜਦੋਂ ਬਾਈਕ ਕਿਸੇ ਖਾਸ ਕੋਣ ਤੋਂ ਅੱਗੇ ਝੁਕਦੀ ਹੈ, ਸੰਭਾਵੀ ਗਿਰਾਵਟ ਨੂੰ ਦਰਸਾਉਂਦੀ ਹੈ। ਇਹ ਵਿਧੀ ਕਿਸੇ ਨਜ਼ਦੀਕੀ ਗਿਰਾਵਟ ਦੌਰਾਨ ਬਾਈਕ ਨੂੰ ਸਥਿਰ ਕਰਕੇ ਹੋਰ ਸੱਟ ਜਾਂ ਨੁਕਸਾਨ ਨੂੰ ਰੋਕਣ ਵਿੱਚ ਮਦਦ ਕਰਦੀ ਹੈ।

ਸ਼ਹਿਰ ਦੇ ਕਿਸੇ ਚੌਕ ਦਾ ਨਾਂਅ ਸ਼ਹੀਦ ਭਗਤ ਸਿੰਘ ਰੱਖਣ ਤੇ ਬੁੱਤ ਸਥਾਪਤ ਕਰਨ ਦੀ ਮੰਗ

ਫਿਲੌਰ (ਨਿਰਮਲ, ਹਰਜਿੰਦਰ ਕੌਰ ਚਾਹਲ)- ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਨੇ ਸਥਾਨਕ ਸ਼ਹਿਰ ਦੇ ਕਿਸੇ ਚੌਕ ਦਾ ਨਾਂਅ ਸ਼ਹੀਦ ਭਗਤ ਸਿੰਘ ਰੱਖਣ ਅਤੇ ਬੁੱਤ ਸਥਾਪਤ ਕਰਨ ਦੀ ਮੰਗ ਨੂੰ ਲੈ ਕੇ ਸਥਾਨਕ ਨਗਰ ਕੌਂਸਲ ਦੇ ਦਫ਼ਤਰ ਅੱਗੇ ਇਕੱਠ ਕੀਤਾ। ਇਸ ਦੀ ਅਗਵਾਈ ਗੁਰਦੀਪ ਬੇਗਾਮਪੁਰ, ਬਲਦੇਵ ਸਿੰਘ ਸਾਹਨੀ, ਅਮਰੀਕ ਰੁੜਕਾ ਨੇ ਕੀਤੀ।ਮੌਕੇ ਸਭਾ ਦੇ ਸੂਬਾ ਪ੍ਰਧਾਨ ਮਨਜਿੰਦਰ ਸਿੰਘ ਢੇਸੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਪ੍ਰਤਿਮਾ ਸ਼ਹਿਰ ਵਿੱਚ ਲਵਾਉਣਾ ਬਹੁਤ ਜਰੂਰੀ ਹੈ ਕਿਉਂਕਿ ਭਗਤ ਸਿੰਘ ਦੀ ਵਿਚਾਰਧਾਰਾ ਦਾ ਪ੍ਰਚਾਰ ਅਤੇ ਪਸਾਰ ਦਾ ਅਜੋਕੇ ਦੌਰ 'ਚ ਮਹੱਤਵ ਹੋਰ ਵੀ ਵੱਧ ਗਿਆ ਹੈ। ਉਨ੍ਹਾਂ ਮੰਗ ਕੀਤੀ ਕਿ ਆਜ਼ਾਦੀ ਘੁਲਾਟੀਏ ਅਤੇ ਬਾਰਬਾਰਤਾ ਵਾਲਾ ਸਮਾਜ ਸਿਰਜਣ ਦੇ ਮੁਦਈ ਦੇ ਨਾਂਅ 'ਤੇ ਸ਼ਹਿਰ ਵਿੱਚ ਯਾਦਗਾਰ ਉਸਾਰੀ ਜਾਵੇ। ਉਨ੍ਹਾ ਕਿਹਾ ਕਿ ਸ਼ਹੀਦ ਭਗਤ ਸਿੰਘ ਦੀ ਵਿਚਾਰ ਧਾਰਾ ਸਭਨਾਂ ਨੂੰ ਬਰਾਬਰ ਦੇ ਅਧਿਕਾਰ ਦੇਣ, ਫਿਰਕਾਪ੍ਰਸਤੀ ਨੂੰ ਖਤਮ ਕਰਨ, ਗਰੀਬੀ, ਅਨਪੜਤਾ ਨੂੰ ਖਤਮ ਕਰਨ ਦਾ ਸੁਨੇਹਾ ਦਿੰਦੀ ਹੈ। ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਸਭਾ ਦੇ ਜ਼ਿਲ੍ਹਾ ਸਕੱਤਰ ਅਜੈ ਫਿਲੌਰ ਨੇ ਕਿਹਾ ਕਿ ਉਕਤ ਮੰਗ ਨੂੰ ਲੈ ਕੇ ਪਹਿਲਾਂ ਵੀ ਉਹ ਨਗਰ ਕੌਂਸਲ ਦੇ ਪ੍ਰਧਾਨ ਨੂੰ ਮੰਗ ਪੱਤਰ ਦੇ ਚੁੱਕੇ ਹਨ ਪ੍ਰੰਤੂ ਨਗਰ ਕੌਂਸਲ ਦੇ ਅਧਿਕਾਰੀਆਂ ਵਲੋਂ ਉਹਨਾਂ ਦੇ ਮੰਗ ਪੱਤਰ ਵੱਲ ਕੋਈ ਵੀ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਪ੍ਰਸ਼ਾਸਨ ਨੂੰ ਚੇਤਾਵਨੀ ਦਿੱਤੀ ਕਿ ਜੇਕਰ ਉਪਰੋਕਤ ਮੰਗ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿਚ ਇਸ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ।ਇਸ ਮੌਕੇ ਸਨੀ ਜੱਸਲ, ਪ੍ਰਭਾਤ ਕਵੀ, ਸੁਨੀਲ ਭੈਣੀ, ਸੰਦੀਪ ਸਿੰਘ, ਜੱਸਾ ਰੁੜਕਾ, ਲਾਡਾ ਅੌਜਲਾ, ਕੁਲਦੀਪ ਬਿਲਗਾ, ਸੋਨੂੰ ਢੇਸੀ, ਲਖਬੀਰ ਖੋਖੇਵਾਲ, ਰਛਪਾਲ ਬਿਰਦੀ, ਅੰਗਰੇਜ਼ ਸਿੰਘ, ਰਿੱਕੀ ਮਿਓਵਾਲ, ਹਰਜੀਤ ਸਿੰਘ ਢੇਸੀ, ਮਿੰਟੂ ਸਮਰਾੜੀ, ਪਵਿੱਤਰ ਛੋਕਰਾਂ, ਅਵਤਾਰ ਸਿੰਘ, ਅਰਸ਼ਪ੍ਰੀਤ ਗੁਰੂ, ਪ੍ਰਸ਼ੋਤਮ ਫਿਲੌਰ, ਯਸ਼ ਬੇਗਮਪੁਰ ਆਦਿ ਹਾਜਰ ਸਨ। ਸਟੇਜ ਸਕੱਤਰ ਦੀ ਭੂਮਿਕਾ ਮੱਖਣ ਸੰਗਰਾਮੀ ਨੇ ਨਿਭਾਈ। ਆਖਰ 'ਤੇ ਮੰਗ ਪੱਤਰ ਲੈਣ ਵੇਲੇ ਨਗਰ ਕੌਂਸਲ ਦੇ ਪ੍ਰਧਾਨ ਮਹਿੰਦਰ ਪਾਲ ਚੁੰਬਰ, ਮੀਤ ਪ੍ਰਧਾਨ ਸ਼ੰਕਰ ਸੰਧੂ, ਕੌਂਸਲਰ ਰਾਕੇਸ਼ ਕਾਲੀਆ, ਰਾਜਵਿੰਦਰ ਕਾਕਾ, ਰਾਏ ਬਰਿੰਦਰ, ਰਾਜ ਕੁਮਾਰ ਹੰਸ ਆਦਿ ਹਾਜ਼ਰ ਸਨ।

ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਬਾਲ ਦੇਖਭਾਲ ਸੰਸਥਾਵਾਂ ਦਾ ਦੌਰਾ

ਜਲੰਧਰ-ਜ਼ਿਲ੍ਹਾ ਤੇ ਸੈਸ਼ਨਜ਼ ਜੱਜ ਕਮ ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਵੱਲੋਂ ਬਾਲ ਦੇਖਭਾਲ ਸੰਸਥਾਵਾਂ,ਚਿਲਡਰਨ ਹੋਮ, ਚਿਲਡਰਨ ਹੋਮ ਫਾਰ ਗਰਲਸ, ਅਬਜ਼ਰਬੇਸ਼ਨ ਹੋਮ ਅਤੇ ਵਿਧਵਾਵਾਂ ਲਈ ਬਣੇ ਹੋਮ ਦਾ ਦੌਰਾ ਕੀਤਾ ਗਿਆ। ਬਗੀਚਾ ਸਿੰਘ ਸੀ. ਜੇ.ਐਮ-ਕਮ-ਸਕੱਤਰ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਵੀ ਉਨ੍ਹਾਂ ਦੇ ਨਾਲ ਸਨ।ਉਨ੍ਹਾਂ ਇੱਥੇ ਮੌਜੂਦ ਬੱਚਿਆਂ ਨਾਲ ਗੱਲਬਾਤ ਕੀਤੀ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਸਬੰਧੀ ਜਾਣਕਾਰੀ ਲਈ । ਉਹਨਾਂ ਆਖਿਆ ਕਿ ਕਾਨੂੰਨੀ ਸੇਵਾਵਾਂ ਅਥਾਰਟੀਜ ਐਕਟ 1987 ਤਹਿਤ ਬੱਚੇ ਅਦਾਲਤੀ ਚਾਰਾਜੋਈ ਲਈ ਮੁਫਤ ਕਾਨੂੰਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਕਾਨੂੰਨੀ ਸਹਾਇਤਾ ਵਿੱਚ ਵਕੀਲ ਦੀ ਫੀਸ ਅਤੇ ਕੇਸ ਤੇ ਆਉਣ ਵਾਲੇ ਖਰਚਿਆਂ ਦੀ ਅਦਾਇਗੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਵੱਲੋਂ ਕੀਤੀ ਜਾਂਦੀ ਹੈ। ਉਹਨਾਂ ਨੇ ਇਸ ਮੌਕੇ ਤੇ ਗਾਂਧੀ ਵਨੀਤਾ ਆਸ਼ਰਮ ਜਿੱਥੇ ਇਹੋ ਹੋਮ ਬਣੇ ਹੋਏ ਹਨ ਦੀ ਬਿਲਡਿੰਗ ਦਾ ਮੁਆਇਨਾ ਕੀਤਾ ਅਤੇ ਪਾਇਆ ਗਿਆ ਕਿ ਇਸ ਬਿਲਡਿੰਗ ਦੇ ਨਾਲ ਕੁਝ ਮੁਹੱਲੇ ਜੁੜੇ ਹੋਏ ਹਨ ਜੋ ਕਿ ਬੱਚਿਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸਹੀ ਨਹੀਂ ਜਾਪਦੇ। ਉਹਨਾਂ ਨੇ ਇਸ ਸਬੰਧੀ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਜਲੰਧਰ ਨੂੰ ਨਗਰ ਨਿਗਮ ਜਲੰਧਰ ਨਾਲ ਰਾਬਤਾ ਕਾਇਮ ਕਰਨ ਲਈ ਆਖਿਆ। ਵਿਧਵਾਵਾਂ ਲਈ ਬਣੇ ਆਸ਼ਰਮ ਵਿਖੇ ਰਹਿ ਰਹੀਆਂ ਵਿਧਵਾ ਔਰਤਾਂ ਨੇ ਆਖਿਆ ਕਿ ਉਹਨਾਂ ਵਾਸਤੇ ਬਣਾਈ ਗਈ ਪਾਣੀ ਦੀ ਟੈਂਕੀ ਦਾ ਪਾਣੀ ਸਾਫ ਨਹੀਂ ਆ ਰਿਹਾ ਤਾਂ ਚੇਅਰਮੈਨ ਨੇ ਇਹ ਮਸਲਾ ਪੀ.ਡਬਲਯੂ.ਡੀ ਵਿਭਾਗ ਜਲੰਧਰ ਨਾਲ ਚੁੱਕਣ ਦਾ ਭਰੋਸਾ ਦਵਾਇਆ।

ਰਿਆਤ ਬਾਹਰਾ ਕਾਲਜ ਆਫ ਐਜੂਕੇਸ਼ਨ ਦਾ ਨਤੀਜਾ ਸ਼ਾਨਦਾਰ ਰਿਹਾ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਸਾਲ 2024 ਵਿੱਚ ਲਈ ਗਈ ਪਹਿਲੇ ਸਮੈਸਟਰ ਦੀ ਪ੍ਰੀਖਿਆ ਵਿੱਚ ਰਿਆਤ ਬਾਹਰਾ ਕਾਲਜ ਆਫ਼ ਐਜੂਕੇਸ਼ਨ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਲਜ ਦੇ ਪ੍ਰਿੰਸੀਪਲ ਡਾ: ਪੱਲਵੀ ਪੰਡਿਤ ਨੇ ਦੱਸਿਆ ਕਿ ਪਹਿਲੇ ਸਮੈਸਟਰ 'ਚ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ । ਪੰਜ ਮੋਹਰੀ ਵਿਦਿਆਰਥੀਆਂ ਵਿੱਚੋਂ ਗੁਰਵਿੰਦਰ ਕੌਰ 82% ਅੰਕ ਲੈ ਕੇ ਪਹਿਲਾ , ਰਮਨਦੀਪ ਕੌਰ 81% ਅੰਕ ਲੈ ਕੇ ਦੂਜਾ , ਰੀਤਿਕਾ ਮਹਿਮੀ 80.66% ਅੰਕ ਲੈ ਕੇ ਤੀਸਰਾ, ਨਵਜੋਤ ਕੌਰ 80.44% ਅੰਕ ਲੈ ਕੇ ਚੌਥਾ ਅਤੇ ਅਰਸ਼ਦੀਪ ਕੌਰ 80.22% ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਹਾਸਿਲ ਕੀਤਾ।ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਕੈਂਪਸ ਡਾਇਰੈਕਟਰ ਡਾ: ਚੰਦਰ ਮੋਹਨ ਨੇ ਵਿਦਿਆਰਥੀਆਂ ਦੀ ਇਸ ਕਾਮਯਾਬੀ 'ਤੇ ਪ੍ਰਿੰਸੀਪਲ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ । ਉਨ੍ਹਾਂ ਵਿਦਿਆਰਥੀਆਂ ਦੀ ਮਿਹਨਤ ਅਤੇ ਲਗਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ।ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਰਿਆਤ ਬਾਹਰਾ ਕਾਲਜ ਆਫ਼ ਐਜੂਕੇਸ਼ਨ ਦਾ ਇਹ ਨਤੀਜਾ ਕਾਲਜ ਦੀ ਉੱਚ ਪੱਧਰੀ ਸਿੱਖਿਆ ਅਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਇਹ ਨਤੀਜਾ ਕਾਲਜ ਦੀ ਵਧੀਆ ਸਿੱਖਿਆ ਪ੍ਰਣਾਲੀ ਅਤੇ ਵਿਦਿਆਰਥੀਆਂ ਦੀ ਲਗਨ ਦਾ ਸਬੂਤ ਹੈ, ਜੋ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਫਲਤਾਵਾਂ ਵੱਲ ਲੈ ਕੇ ਜਾਂਦਾ ਰਹੇਗਾ।

ਕੌਂਸਲਰਾਂ ਨੇ ਕੀਤਾ ਕੌਮੀ ਪੱਧਰ ਦੀਆਂ ਖਿਡਾਰਨਾਂ ਦਾ ਸਨਮਾਨ

ਅੱਡਾ ਸਰਾਂ/ ਟਾਂਡਾ ਉੜਮੁੜ, (ਕਾਜਲ) -ਫੌਜੀ ਕਲੋਨੀ ਮਾਡਲ ਟਾਊਨ ਵਿਚ ਹੋਏ ਸਨਮਾਨ ਸਮਾਗਮ ਦੌਰਾਨ ਟਾਂਡਾ ਯੂਨਾਈਟਿਡ ਸਪੋਰਟਸ ਕਲੱਬ ਅਤੇ ਕੌਂਸਲਰਾਂ ਵੱਲੋਂ ਸੂਬਾਈ ਅਤੇ ਨੈਸ਼ਨਲ ਪੱਧਰ ਦੇ ਕਿੱਕ ਬਾਕਸਿੰਗ ਮੁਕਾਬਲਿਆਂ ਵਿਚ ਮੈਡਲ ਜਿੱਤਣ ਵਾਲੀਆਂ ਦੋ ਭੈਣਾਂ ਦਾ ਸਨਮਾਨ ਕੀਤਾ ਗਿਆ । ਹਰ

12-Jun-PAGE-9.qxd 6/11/2024 11:31 PM Page 1

ਪ੍ਰਾਈਵੇਟ ਬੱਸਾਂ ਦੀ ਲਾਪਰਵਾਹੀ ਕਾਰਨ ਹੁਸ਼ਿਆਰਪੁਰ-ਜਲੰਧਰ ਸਫਰ ਖਤਰੇ ਤੋਂ ਖਾਲੀ ਨਹੀਂ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਹੁਸ਼ਿਆਰਪੁਰ-ਜਲੰਧਰ ਨੈਸ਼ਨਲ ਹਾਈਵੇਅ ਉੱਪਰ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਦੇ ਬੱਸ ਚਾਲਕਾਂ ਵਲੋਂ ਕੀਤੀਆਂ ਜਾਂਦੀਆਂ ਮਨਮਾਨੀਆਂ ਤੋਂ ਆਮ ਲੋਕ ਡਾਢੇ ਦੁਖੀ ਹਨ। ਦੱਸਿਆ ਜਾਂਦਾ ਹੈ ਕਿ ਲਗਭਗ ਸਾਰੀਆਂ ਹੀ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਦੇ ਬੱਸ ਚਾਲਕਾਂ ਵਲੋਂ ਵੱਧ ਤੋਂ ਵੱਧ ਸਵਾਰੀਆਂ ਚੁੱਕਣ ਦੀ ਤੇਜ-ਦੌੜ ਵਿਚ ਸ਼ਰੇਆਮ ਟਰਾਂਸਪੋਰਟ ਨਿਯਮਾਂ ਦੀ ਉਲੰਘਣਾ ਕਰਦਿਆਂ ਆਮ ਕਰਕੇ ਟਰੈਫਿਕ ਪੁਲਸ ਕਰਮਚਾਰੀਆਂ ਦੇ ਸਾਹਮਣੇ ਹੀ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਇੰਝ ਲਗਦਾ ਹੈ ਕਿ ਸ਼ਾਇਦ ਸਿਆਸੀ ਛਤਰੀ ਕਾਰਨ ਹੀ ਟਰਾਂਸਪੋਰਟ ਮਹਿਕਮਾ ਅਤੇ ਟਰੈਫਿਕ ਪੁਲਸ ਕਰਮਚਾਰੀ ਇਨ੍ਹਾਂ ਨੂੰ ਹੱਥ ਨਹੀਂ ਪਾਉਂਦੇ ਜਿਸ ਕਾਰਨ ਸੜਕ ਸੁਰੱਖਿਆ ਨਿਯਮਾਂ ਦੇ ਨਾਲ-ਨਾਲ ਆਮ ਲੋਕਾਂ ਅਤੇ ਸਵਾਰੀਆਂ ਦੀ ਜਾਨ-ਮਿਲ ਦੀ ਸੁਰੱਖਿਆ ਨੂੰ ਟਿੱਚ ਜਾਣਦਿਆਂ ਹੋਇਆ ਸ਼ਰੇਆਮ ਮਨਮਾਨੀ ਕੀਤੀ ਜਾ ਰਹੀ ਹੈ।ਜ਼ਿਕਰਯੋਗ ਹੈ ਕਿ ਜ਼ਿਆਦਾਤਰ ਨਿੱਜੀ ਟਰਾਂਸਪੋਰਟ ਕੰਪਨੀਆਂ ਉੱਪਰ ਸਿਆਸੀ ਅਸਰਅੰਦਾਜ਼ ਜਾਂ ਸਿਆਸੀ ਸ਼ਹਿ ਪ੍ਰਾਪਤ ਲੋਕਾਂ ਦੀ ਅਜਾਰੇਦਾਰੀ ਹੋਣ ਦੇ ਸਿੱਟੇ ਵਜੋਂ ਸਰਕਾਰੀ ਅਤੇ ਪ੍ਰਸ਼ਾਸ਼ਨਿਕ ਕਾਇਦੇ ਕਾਨੂੰਨਾਂ ਦਾ ਮੂੰਹ ਚਿੜਾਉਂਦੇ ਹੋਏ ਬੱਸ ਚਾਲਕਾਂ ਦੀਆਂ ਮਨਮਾਨੀਆਂ ਆਏ ਦਿਨ ਲਗਾਤਾਰ ਵਧਦੀਆਂ ਹੀ ਜਾ ਰਹੀਆਂ ਹਨ। ਪ੍ਰਾਈਵੇਟ ਬੱਸਾਂ ਵਲੋਂ ਵੱਧ ਤੋਂ ਵੱਧ ਸਵਾਰੀਆਂ ਚੁੱਕਣ ਦੀ ਦੌੜ ਵਿਚ ਬੱਸਾਂ ਸੜਕ ਉੱਪਰ ਤੂਫਾਨੀ ਰਫਤਾਰ ਨਾਲ ਦੌੜਦੀਆਂ ਹੋਈਆਂ ਇਕ-ਦੂਜੇ ਦਾ ਪਿੱਛਾ ਕਰਦੀਆਂ ਹਨ । ਹਾਲਾਂਕਿ ਪ੍ਰੈਸ਼ਰ ਹਾਰਨਾਂ ਤੇ ਸਰਕਾਰ ਵੱਲੋਂ ਸਖਤੀ ਵੀ ਕੀਤੀ ਗਈ ਪਰ ਇਸ ਦੀ ਪ੍ਰਵਾਹ ਨਾ ਕਰਦਿਆਂ ਪ੍ਰੈਸ਼ਰ ਹੌਰਨ ਤੇ ਲਗਾਤਾਰ ਹੱਥ ਟਿਕਾਈ ਨਿੱਜੀ ਕੰਪਨੀਆਂ ਦੀਆਂ ਤੇਜ਼ ਰਫਤਾਰ ਬੱਸਾਂ ਦੀ ਲਪੇਟ ਵਿਚ ਆ ਕੇ ਬਹੁਤੀ ਵਾਰ ਬੇਕਸੂਰ ਲੋਕਾਂ ਨੂੰ ਆਪਣੀ ਜਾਨ ਤੋਂ ਵੀ ਹੱਥ ਧੋਣਾ ਪੈ ਰਿਹਾ ਹੈ ਜਾ ਫਿਰ ਅਪਾਹਜ ਹੋ ਕੇ ਜ਼ਿੰਦਗੀ ਦਾ ਬੋਝ ਢੋਣਾ ਪੈ ਰਿਹਾ ਹੈ। ਇਸੇ ਕਾਰਨ ਕੁੱਝ ਹੀ ਸਮਾਂ ਪਹਿਲਾਂ ਹੁਸ਼ਿਆਰਪੁਰ ਜਲੰਧਰ ਰੋਡ ਤੇ ਨਸਰਾਲੇ ਨਜ਼ਦੀਕ ਸਿਆਸੀ ਸਰਪ੍ਰਸਤੀ ਪ੍ਰਾਪਤ ਇੱਕ ਨਿਜੀ ਕੰਪਨੀ ਦੀ ਤੇਜ਼ ਰਫਤਾਰ ਬੱਸ ਫੈਕਟਰੀ ਦੀਆਂ ਕੰਧਾਂ ਤੋੜ ਕੇ ਅੰਦਰ ਜਾ ਵੜੀ । ਇਸੇ ਕੰਪਨੀ ਦੀ ਹੀ ਤੇਜ ਰਫਤਾਰ ਬੱਸ ਇਸ ਜਗ੍ਹਾ ਤੇ ਹੀ ਕੁਝ ਸਾਲ ਪਹਿਲਾਂ ਹਾਦਸੇ ਦਾ ਸ਼ਿਕਾਰ ਹੋ ਗਈ ਸੀ ਜਿਸ ਵਿੱਚ ਕਈ ਕੀਮਤੀ ਜਾਨਾਂ ਗਈਆਂ । ਬੱਸ ਚਾਲਕਾਂ ਦੀ ਲਾਪਰਵਾਹੀ ਦਾ ਆਲਮ ਇਹ ਕਿ ਕਈ ਵਾਰ ਤੇਜ਼ ਰਫਤਾਰ ਸੜਕ 'ਤੇ ਜਾਂਦੀਆਂ ਬੱਸਾਂ ਦੇ ਚਾਲਕਾਂ ਨੂੰ ਜੇਕਰ ਕਿਤੇ ਕੋਈ ਸਵਾਰੀ ਨਜ਼ਰ ਆ ਜਾਵੇ ਤਾਂ ਸੁਰੱਖਿਆ ਨਿਯਮਾਂ ਨੂੰ ਤਾਕ 'ਤੇ ਰੱਖ ਕੇ ਭਰੀ ਸੜਕ ਵਿਚ ਹੀ ਬ੍ਰੇਕ ਮਾਰ ਲੈਂਦੇ ਹਨ ਜਿਸ ਕਾਰਨ ਪਿੱਛੇ ਆਉਂਦੇ ਵਾਹਨ ਚਾਲਕਾਂ ਲਈ ਖਤਰੇ ਭਰੀ ਸਥਿਤੀ ਪੈਦਾ ਹੋ ਜਾਂਦੀ ਹੈ। ਨੱਕੋ-ਨੱਕ ਭਰੀ ਹੋਣ ਦੇ ਬਾਵਜੂਦ ਕੰਡਕਟਰਾਂ ਵਲੋਂ ਅੱਗੇ ਹੋ ਜੇ ਭਾਈ ਸਾਰੀ ਬੱਸ ਖਾਲੀ ਪਈ ਕਹਿੰਦੇ ਹੋਏ ਖੜੇ ਹੋ ਕੇ ਸਫਰ ਕਰਨ ਲਈ ਮਜਬੂਰ ਕਰ ਦਿੰਦੇ ਹਨ। ਜੇਕਰ ਅੱਗੋਂ ਕੋਈ ਸਵਾਰੀ ਹੀਲ-ਹੁੱਜਤ ਕਰ ਜਾਵੇ ਤਾਂ ਭਰੀ ਸਭਾ ਵਿਚ ਕੰਡਕਟਰਾਂ ਦੀ ਅਵੈੜੀ ਬੋਲੀ ਦਾ ਸ਼ਿਕਾਰ ਬਣਨਾ ਪੈਂਦਾ ਹੈ। ਜੇਕਰ ਬੱਸਾਂ ਦੇ ਅੰਦਰ ਤੁੜ ਕੇ ਸਵਾਰੀ ਭਰਨ ਦੇ ਬਾਵਜੂਦ ਹੋਰ ਸਵਾਰੀ ਮਿਲ ਜਾਵੇ ਤਾਂ ਬੱਸਾਂ ਦੀਆਂ ਛੱਤਾਂ 'ਤੇ ਸਵਾਰੀਆਂ ਬਿਠਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ ।ਹਰ ਇਕ ਮਿੰਟ ਬਾਅਦ ਬੱਸ ਸਟੈਂਡ ਤੋਂ ਨਿਕਲਦੀਆਂ ਬੱਸਾਂ ਅਤੇ ਫਿਰ ਇਨ੍ਹਾਂ ਵਲੋਂ ਮਚਾਈ ਜਾਂਦੀ ਤੇਜ਼ ਰਫਤਾਰ ਦੌੜ ਦੇ ਚਲਦਿਆਂ ਹੁਸ਼ਿਆਰਪੁਰ-ਜਲੰਧਰ ਨੈਸਨਲ ਹਾਈਵੇਅ 'ਤੇ ਸਫਰ ਕਰਨਾ ਹੁਣ ਖਤਰੇ ਤੋਂ ਖਾਲੀ ਨਹੀਂ ਰਿਹਾ । ਮੌਜੂਦਾ ਸਮੇਂ ਇਹ ਨੈਸ਼ਨਲ ਹਾਈ ਵੇਅ ਦੋਹਾਂ ਜ਼ਿਲ੍ਹਿਆਂ ਵਿੱਚ ਪੈਂਦਾ ਹੋਣ ਕਾਰਣ ਹੁਸ਼ਿਆਰਪੁਰ ਅਤੇ ਜਲੰਧਰ ਦੋਹਾਂ ਜ਼ਿਲ੍ਹਿਆਂ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਤੇ ਟਰਾਂਸਪੋਰਟ ਮਹਿਕਮੇ ਨੂੰ ਲੋਕਾਂ ਦੀ ਜਾਨ ਮਾਲ ਦੀ ਰਾਖੀ ਲਈ ਤੁਰੰਤ ਹਰਕਤ ਵਿਚ ਆਉਣ ਦੀ ਲੋੜ ਹੈ।

ਪੁੱਡਾ ਦੇ ਜੇ ਈ ਮੋਹਿਤ ਨੇ ਤੀਸਰਾ ਸੋਨ ਤਮਗਾ ਜਿੱਤ ਕੇ ਬਣਾਈ ਹੈਟ੍ਰਿਕ

ਜਲੰਧਰ, (ਇਕਬਾਲ ਸਿੰਘ ਉੱਭੀ)- ਪੁੱਡਾ ਵਿਭਾਗ ਵਿੱਚ ਜੇ ਈ ਦੇ ਅਹੁਦੇ 'ਤੇ ਸੇਵਾ ਨਿਭਾ ਰਹੇ ਇੰਜੀ. ਮੋਹਿਤ ਦੁੱਗ ਨੇ ਤਿੰਨ ਦਿਨਾ ਪਾਵਰ ਲਿਫਟਿੰਗ ਮੁਕਾਬਲੇ ਵਿੱਚ ਤੀਸਰਾ ਸੋਨ ਤਮਗਾ ਜਿੱਤ ਕੇ ਹੈਟ੍ਰਿਕ ਬਣਾਈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਦੁੱਗ ਨੇ ਦੱਸਿਆ ਕਿ ਦਿੱਲੀ ਵਿਖੇ 7 ਤੋਂ 9 ਜੂਨ ਤੱਕ ਤਿੰਨ ਦਿਨਾ ਅੰਤਰ-ਰਾਸ਼ਟਰੀ ਸਿਹਤ ਅਤੇ ਫਿੱਟਨੈੱਸ ਪਾਵਰਲਿਫਟਿੰਗ ਮੁਕਾਬਲੇ ਕਰਵਾਏ ਗਏ। ਇਸ ਮੌਕੇ (ਇੰਜੀਨੀਅਰ) ਮੋਹਿਤ ਦੁੱਗ ਨੇ 82.5 ਕਿਲੋਗ੍ਰਾਮ ਭਾਰ ਦੇ ਵਰਗ ਵਿੱਚ 162.5 ਕਿਲੋਗ੍ਰਾਮ ਦੀ ਬੈਂਚ ਪ੍ਰੈੱਸ ਲਗਾ ਕੇ ਆਪਣੇ ਵਿਰੋਧੀ ਨੂੰ ਹਰਾ ਕੇ ਸੋਨ ਤਮਗਾ ਜਿੱਤ ਕੇ ਆਪਣੇ ਸ਼ਹਿਰ ਅਤੇ ਮਾਤਾ-ਪਿਤਾ ਦਾ ਨਾਂਅ ਰੋਸ਼ਨ ਕੀਤਾ। ਦੁੱਗ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਜੂਨ 2023 ਮੁੰਬਈ ਵਿੱਚ ਅਤੇ ਨਵੰਬਰ 2023 ਨੂੰ ਦਿੱਲੀ ਵਿਖੇ ਸੋਨ ਤਮਗੇ ਜਿੱਤੇ ਸਨ। ਇਸੇ ਤਰ੍ਹਾਂ ਹੁਣ ਲਗਾਤਾਰ ਤੀਜੀ ਵਾਰ ਦਿੱਲੀ ਵਿਖੇ ਸੋਨ ਤਮਗਾ ਜਿੱਤ ਕੇ ਹੈਟ੍ਰਿਕ ਬਣਾਈ। ਜ਼ਿਕਰਯੋਗ ਹੈ ਕਿ ਸਾਲ 2023 ਵਿੱਚ ਵੀ ਯੂ ਕੇ (ਮਾਨਚਿਸਟਰ) ਵਿੱਚ ਹੋਏ ਮੁਕਾਬਲੇ ਵਿੱਚ ਵੀ ਮੋਹਿਤ ਨੇ ਸੋਨੇ ਦਾ ਤਮਗਾ ਜਿੱਤ ਕੇ ਪੰਜਾਬ ਅਤੇ ਭਾਰਤ ਦਾ ਨਾਂਅ ਰੋਸ਼ਨ ਕੀਤਾ ਸੀ। ਮੋਹਿਤ ਨੇ ਦੱਸਿਆ ਕਿ ਉਹ ਹੁਣ ਵੀ ਰੋਜ਼ਾਨਾ ਤਿੰਨ ਘੰਟੇ ਤੋਂ ਵੱਧ ਸਮਾਂ ਫਿੱਟ ਲਾਈਫ ਜਿੰਮ ਮਕਸੂਦਾਂ ਵਿੱਚ ਅਭਿਆਸ ਕਰਦਾ ਹੈ ਅਤੇ (ਨਵੀਂ ਪੀੜ੍ਹੀ ਦੇ) ਲਿਫਟਰਾਂ ਨੂੰ ਟਰੇਨਿੰਗ ਦੇਣ ਦਾ ਕੰਮ ਵੀ ਸ਼ੌਂਕ ਨਾਲ ਕਰਦਾ ਹੈ।

ਨੈਣੋਵਾਲ ਵੈਦ ਵਿਖੇ ਪੀਰ ਬਾਬਾ ਕੱਲੂ ਸ਼ਾਹ ਯਾਦਗਾਰੀ ਸੱਭਿਆਚਾਰਕ ਮੇਲਾ 20 ਨੂੰ

ਅੱਡਾ ਸਰਾਂ (ਕਾਜਲ)-ਪੀਰ ਬਾਬਾ ਕੱਲੂ ਸ਼ਾਹ ਦੀ ਮੁਕੱਦਸ ਦਰਗਾਹ ਨੈਣੋਵਾਲ ਵੈਦ ਵਿਖੇ ਪੀਰ ਦਾ ਯਾਦਗਾਰੀ 31ਵਾਂ ਸਾਲਾਨਾ ਸੱਭਿਆਚਾਰਕ ਮੇਲਾ 20 ਜੂਨ ਨੂੰ ਧੂਮਧਾਮ ਨਾਲ ਮਨਾਇਆ ਜਾਵੇਗਾ । ਇਸ ਮੇਲੇ ਸਬੰਧੀ ਕਮੇਟੀ ਦੇ ਪ੍ਰਬੰਧਕਾਂ ਪ੍ਰਧਾਨ ਸਤਨਾਮ ਸਿੰਘ ਢਿੱਲੋਂ, ਨੰਬਰਦਾਰ ਸੁਖਵਿੰਦਰ ਸਿੰਘ ਢਿੱਲੋਂ, ਨਰਿੰਦਰ ਸਿੰਘ, ਸੋਮਨਾਥ ਮਹਿਮੀ, ਬਲਜਿੰਦਰ ਸਿੰਘ, ਜਸਵੰਤ ਸਿੰਘ, ਸੰਦੀਪ ਸਿੰਘ ਤੇ ਜਸਵਿੰਦਰ ਸਿੰਘ ਨੇ ਪੋਸਟਰ ਜਾਰੀ ਕਰਦੇ ਹੋਏ ਮੇਲੇ ਬਾਰੇ ਜਾਣਕਾਰੀ ਦਿੱਤੀ। ਢਿੱਲੋਂ ਨੇ ਦੱਸਿਆ ਕਿ ਪ੍ਰਵਾਸੀ ਪੰਜਾਬੀਆਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਕਰਵਾਏ ਜਾਣ ਵਾਲੇ ਇਸ ਸਾਲਾਨਾ ਸੱਭਿਆਚਾਰਕ ਮੇਲੇ ਦਾ ਉਦਘਾਟਨ ਸਾਬਕਾ ਮੰਤਰੀ ਚੌਧਰੀ ਬਲਵੀਰ ਸਿੰਘ ਮਿਆਣੀ ਅਤੇ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬਾਦਲ ਲਖਵਿੰਦਰ ਸਿੰਘ ਲੱਖੀ ਕਰਨਗੇ ਜਦਕਿ ਵਿਧਾਇਕ ਜਸਵੀਰ ਸਿੰਘ ਰਾਜਾ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਅਰਵਿੰਦਰ ਸਿੰਘ ਰਸੂਲਪੁਰ ਮੁੱਖ ਮਹਿਮਾਨ ਦੇ ਰੂਪ ਵਿਚ ਸ਼ਾਮਿਲ ਹੋਣਗੇ । ਮੇਲੇ ਦੌਰਾਨ ਦਰਗਾਹ 'ਤੇ ਧਾਰਮਿਕ ਰਸਮਾਂ ਤੋਂ ਬਾਅਦ ਸ਼ੁਰੂ ਹੋਣ ਵਾਲੇ ਸੱਭਿਆਚਾਰਕ ਮੇਲੇ ਵਿਚ ਦੋਗਾਣਾ ਜੋੜੀ ਹਰਿੰਦਰ ਸੰਧੂ -ਅਮਨ ਧਾਲੀਵਾਲ, ਲੱਖੀ ਸਿੱਧੂ ਤੇ ਮਹਿਦੀ ਬਰਾੜ,ਸ਼ੁੱਖੀ ਖਾਨ, ਯੂਵੀ ਬਰਾੜ, ਰੋਹਨ, ਸਲੀਮ ਸਾਬਰੀ ਮਲੇਰ ਕੋਟਲੇ ਵਾਲੇ ਕਵਾਲ, ਚਾਚਾ ਬਿਸ਼ਨਾ ਐਂਡ ਪਾਰਟੀ ਕਮੇਡੀਅਨ, ਦੇਵ ਹਰਿਆਣਵੀ, ਨਿਸ਼ਾਂਤ ਨਿਸ਼ੂ, ਮਨਜੀਤ ਜਾਚਕ ਅਤੇ ਹੋਰ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਉਨ੍ਹਾਂ ਦੱਸਿਆ ਕਿ ਇਸ ਮੇਲੇ ਦੌਰਾਨ ਸਮਾਜਿਕ ਵਿਕਾਸ ਦੇ ਕੰਮਾਂ ਵਿਚ ਸ਼ਲਾਘਾਯੋਗ ਯੋਗਦਾਨ ਦੇਣ ਵਾਲੀਆਂ ਹਸਤੀਆਂ ਰੇਸ਼ਮ ਸਿੰਘ ਢਿੱਲੋਂ ਯੂ.ਕੇ., ਮਨਜੀਤ ਸਿੰਘ ਸਕੱਤਰ, ਡਾ. ਕੇਵਲ ਸਿੰਘ ਕਾਜਲ, ਬਲਵਿੰਦਰ ਸਿੰਘ ਸੰਧੂ ਯੂ.ਕੇ. ਅਤੇ ਹਰਵਿੰਦਰ ਸਿੰਘ ਬੱਸੀ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਜਾਵੇਗਾ । ਮੇਲੇ ਵਿਚ ਹਰਮੀਤ ਸਿੰਘ ਔਲਖ ਚੇਅਰਮੈਨ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ, ਕਿਸਾਨ ਦੁਆਬਾ ਕਿਸਾਨ ਕਮੇਟੀ ਪੰਜਾਬ ਦੇ ਪ੍ਰਧਾਨ ਜੰਗਵੀਰ ਸਿੰਘ ਚੌਹਾਨ, ਬਿਕਰਮ ਸ਼ਰਮਾ ਚੇਅਰਮੈਨ ਰੇਟ ਕੋਆਪ੍ਰੇਟਿਵ ਬੈਂਕ ਹੁਸ਼ਿਆਰਪੁਰ, ਪਰਮਵੀਰ ਸਿੰਘ ਪੰਮਾ, ਪਰਵਿੰਦਰ ਸਿੰਘ ਪੰਨੂ, ਰਜਿੰਦਰ ਸਿੰਘ ਮਾਰਸ਼ਲ ਚੇਅਰਮੈਨ, ਜਸਵੰਤ ਸਿੰਘ ਚੌਟਾਲਾ, ਗੁਰਕਮਲ ਸਿੰਘ ਸੋਢੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰਨਗੇ ।

ਅਰੋੜਾ ਖੱਤਰੀ ਅਰੋੜਾ ਵੰਸ਼ ਮਹਾਸਭਾ ਕਮੇਟੀ ਦਾ ਗਠਨ

ਨਵਾਂਸ਼ਹਿਰ (ਮਨੋਜ ਲਾਡੀ) - ਅਰੋੜਾ ਖੱਤਰੀ ਅਰੋੜਾ ਵੰਸ਼ ਮਹਾਸਭਾ ਨਵਾਂਸ਼ਹਿਰ ਦੀ ਨਵੀਂ ਕਮੇਟੀ ਦਾ ਗਠਨ ਪੰਜਾਬ ਪ੍ਰਧਾਨ ਰਿਸ਼ੀ ਅਰੋੜਾ ਅਤੇ ਉਪ ਪ੍ਰਧਾਨ ਵਿਜੈ ਕੁਮਾਰ ਪੋਪਲੀ ਦੀ ਦੇਖ-ਰੇਖ ਹੇਠ ਕੀਤਾ ਗਿਆ।ਜਿਸ ਵਿਚ ਰਾਜਨ ਭੁੱਚਰ ਨੂੰ ਪ੍ਰਧਾਨ, ਪਰਵਿੰਦਰ ਬੱਤਰਾ ਨੂੰ ਜਨਰਲ ਸਕੱਤਰ, ਰੋਹਿਤ ਚੋਪੜਾ ਨੂੰ ਸੀਨੀਅਰ ਮੀਤ ਪ੍ਰਧਾਨ, ਮਨੀਸ਼ ਖੋਸਲਾ ਨੂੰ ਕੈਸ਼ੀਅਰ ਅਤੇ ਰਾਜਨ ਸਾਹਨੀ ਨੂੰ ਸਰਪ੍ਰਸਤ ਨਿਯੁਕਤ ਕੀਤਾ ਗਿਆ।ਨਵ-ਨਿਯੁਕਤ ਪ੍ਰਧਾਨ ਰਾਜਨ ਭੁੱਚਰ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਰੋੜਾ ਵੰਸ਼ ਅਤੇ ਅਰੋੜਾ ਖੱਤਰੀ ਮਹਾਸਭਾ ਦੀ ਤਰੱਕੀ ਲਈ ਹਰ ਤਰ੍ਹਾਂ ਨਾਲ ਇਕਜੁੱਟ ਹੋ ਕੇ ਯਤਨ ਕੀਤੇ ਜਾਣਗੇ। ਸੂਬਾ ਪ੍ਰਧਾਨ ਰਿਸ਼ੀ ਅਰੋੜਾ ਨੇ ਕਿਹਾ ਕਿ ਅਰੋੜਾ ਮਹਾਸਭਾ ਵੱਲੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕੰਮਾਂ ਦਾ ਪੰਜਾਬ ਭਰ ਵਿਚ ਵਿਸਥਾਰ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਅਰੋੜਾ ਖੱਤਰੀ ਸਭਾ ਦੀਆਂ ਇਕਾਈਆਂ ਬਣਾਈਆਂ ਜਾ ਰਹੀਆਂ ਹਨ। ਇਸ ਮਕਸਦ ਤਹਿਤ ਨਵਾਂਸ਼ਹਿਰ ਦੀ ਇਕਾਈ ਦਾ ਗਠਨ ਕੀਤਾ ਗਿਆ ਹੈ।ਇਸ ਮੌਕੇ ਫਗਵਾੜਾ ਯੂਨਿਟ ਦੇ ਪ੍ਰਧਾਨ ਰਮਨ ਮਹਿਰਾ ਤੋਂ ਇਲਾਵਾ ਹੋਰ ਵੀ ਪਤਵੰਤੇ ਹਾਜ਼ਰ ਸਨ।

ਲਿੰਗ ਨਿਰਧਾਰਨ ਕਰਨ ਦੇ ਦੋਸ਼ ਹੇਠ ਡਾਕਟਰ ਸਮੇਤ 4 ਵਿਅਕਤੀਆਂ ਖਿਲਾਫ਼ ਮਾਮਲਾ ਦਰਜ

ਨਵਾਂਸ਼ਹਿਰ, (ਮਨੋਜ ਲਾਡੀ) - ਭੱਦੀ ਰੋਡ ਬਲਾਚੌਰ ਸਥਿਤ ਇਕ ਨਿੱਜੀ ਹਸਪਤਾਲ ਵੱਲੋਂ ਪੀ.ਐੱਨ.ਡੀ.ਟੀ. ਵੱਲੋਂ ਭੇਜੇ ਜਾਅਲੀ ਮਰੀਜ਼ ਦਾ ਲਿੰਗ ਨਿਰਧਾਰਨ ਕਰਨ ਦੇ ਦੋਸ਼ ਹੇਠ ਹਸਪਤਾਲ ਦੇ ਡਾਕਟਰ ਸਮੇਤ 4 ਵਿਅਕਤੀਆਂ ਖਿਲਾਫ਼ ਪੀ.ਐਨ.ਡੀ.ਟੀ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਪੁਲਸ ਥਾਣਾ ਸਿਟੀ ਬਲਾਚੌਰ ਵਲੋਂ ਦਰਜ ਕੀਤੇ ਗਏ ਮਾਮਲੇ ਵਿਚ ਦੱਸਿਆ ਗਿਆ ਕਿ ਹਰਿਆਣਾ ਦੇ ਕੁਰੁਕਸ਼ੇਤਰ ਤੋਂ ਫਰਜ਼ੀ ਮਰੀਜ਼ ਲੈ ਕੇ ਆਈ ਪੀ.ਐੱਨ.ਡੀ.ਟੀ. ਦੀ ਟੀਮ ਨੇ ਬਲਾਚੌਰ ਦੇ ਭੱਦੀ ਰੋਡੇ ਸਥਿਤ ਮੈਡੀਸਕੋਪ ਸਕੈਨ ਸੈਂਟਰ ਉਤੇ ਛਾਪਾ ਮਾਰਿਆ ਗਿਆ।ਪੀ.ਐੱਨ.ਡੀ.ਟੀ. ਟੀਮ ਨੇ ਦੱਸਿਆ ਕਿ ਡਾਕਟਰ ਭੁਪਿੰਦਰਜੀਤ ਸਿੰਘ ਐੱਮ.ਡੀ. ਰੇਡੀਓਲੋਜਿਸਟ, ਦਲਾਲ ਰਾਜ ਕੁਮਾਰ ਪੁੱਤਰ ਵਿਨੋਦ ਕੁਮਾਰ ਵਾਸੀ ਪਿੰਡ ਢਕੋਲੀ ਜ਼ੀਰਕਪੁਰ, ਜਤਿੰਦਰ ਕੁਮਾਰ ਜਵਾਹਰਪੁਰ ਡੇਰਾਬੱਸੀ ਅਤੇ ਬਲਵੀਰ ਪੁੱਤਰ ਲਾਭ ਸਿੰਘ ਵਾਸੀ ਜਸਤਾਣਾ ਖੁਰਦ, ਲਾਲੜੂ ਪੰਜਾਬ ਦੀ ਮਿਲੀਭੁਗਤ ਸੀ। ਵਿਭਾਗ ਮੁਤਾਬਕ ਲਿੰਗ ਨਿਰਧਾਰਨ ਦਾ ਸੌਦਾ 6 ਹਜ਼ਾਰ ਰੁਪਏ ਵਿਚ ਤੈਅ ਹੋਇਆ ਸੀ।ਫਰਜ਼ੀ ਮਰੀਜ਼ ਦਾ ਲਿੰਗ ਟੈਸਟ ਹੁੰਦੇ ਹੀ ਟੀਮ ਨੇ ਮੌਕੇ ਉਤੇ ਛਾਪਾ ਮਾਰ ਕੇ ਪੈਸੇ ਬਰਾਮਦ ਕਰ ਲਏ ਅਤੇ ਸਕੈਨਿੰਗ ਮਸ਼ੀਨ ਨੂੰ ਸੀਲ ਕਰ ਦਿੱਤਾ।ਥਾਣਾ ਸਿਟੀ ਬਲਾਚੌਰ ਦੀ ਪੁਲਸ ਨੇ ਪੀ.ਐੱਨ.ਡੀ.ਟੀ. ਟੀਮ ਦੇ ਡਾ.ਗੌਰਵ ਬਾਂਸਲ, ਡਾ.ਰਿਸ਼ੀ, ਸੀ.ਐੱਚ.ਸੀ.,ਰਾਜੀਵ ਕੁਮਾਰ ਦੀ ਸਿਫ਼ਾਰਿਸ਼ ਅਨੁਸਾਰ ਦੋਸ਼ੀ ਡਾ.ਭੁਪਿੰਦਰਜੀਤ ਸਿੰਘ, ਰਾਜ ਕੁਮਾਰ, ਜਤਿੰਦਰ ਕੁਮਾਰ ਅਤੇ ਬਲਵੀਰ ਖਿਲਾਫ਼ ਧਾਰਾ 3, 3-ਏ, 4,5,6,23,25,27 ਅਤੇ 29 ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਕੈਂਟਰ ਪਲਟਣ ਕਾਰਨ ਇੱਕ ਬੱਚੇ ਸਮੇਤ ਤਿੰਨ ਮੌਤਾਂ

ਗੜ੍ਹਸ਼ੰਕਰ (ਫੁਲਾ ਸਿੰਘ ਬੀਰਮਪੁਰ) ਦੇਰ ਰਾਤ ਸ੍ਰੀ ਖੁਰਾਲਗੜ੍ਹ ਸਾਹਿਬ ਮੱਥਾ ਟੇਕ ਕੇ ਵਾਪਸ ਪਰਤ ਰਹੇ ਸੰਗਤਾਂ ਨਾਲ ਭਰਿਆ ਕੈਂਟਰ ਨੈਣਵਾ ਦੇ ਘਾਟੇ ਵਿੱਚ ਪਲਟਣ ਨਾਲ ਇੱਕ ਬੱਚੇ ਸਮੇਤ 3 ਸ਼ਰਧਾਲੂਆਂ ਦੀ ਮੌਤ ਹੋ ਗਈ। ਘਟਨਾ ਨੈਣਵਾ ਨੇੜੇ ਪ੍ਰੇਮ ਦਾਸ ਕੁਟੀਆ ਟੋਰੋਵਾਲ ਦੀ ਦੱਸੀ ਜਾ ਰਹੀ ਹੈ। ਹਾਦਸੇ ਦੇ ਤੁਰੰਤ ਬਾਅਦ ਪਿੰਡ ਟੋਰੋਵਾਲ ਅਤੇ ਨੈਣਵਾ ਅਤੇ ਪੁਲਸ ਦੀ ਮਦਦ ਨਾਲ ਲੋਕਾਂ ਨੇ ਮੌਕੇ 'ਤੇ ਪਹੁੰਚ ਕੇ ਜਖਮੀਆਂ ਨੂ

12-JUNE-PAGE-10.qxd 6/11/2024 11:26 PM Page 1

ਬੀ ਐੱਫ ਯੂ ਐੱਚ ਐੱਸ ਤੇ ਆਈ ਐੱਮ ਏ 'ਚ ਪੈਰਾ-ਮੈਡੀਕਲ ਕੋਰਸਾਂ ਤੇ ਸਿਹਤ ਵਿਗਿਆਨ ਸਿੱਖਿਆ ਬਾਰੇ ਸਮਝੌਤਾ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਿਜ਼ (ਬੀ ਐੱਫ ਯੂ ਐੱਚ ਐੱਸ) ਫਰੀਦਕੋਟ, ਦੇਸ਼ ਦੀ ਪਹਿਲੀ ਗ੍ਰੀਨ ਕੈਂਪਸ ਹੈਲਥ ਯੂਨੀਵਰਸਿਟੀ ਅਤੇ ਆਧੁਨਿਕ ਦਵਾਈ ਦੇ ਡਾਕਟਰਾਂ ਦੀ ਵਿਸ਼ਵ ਦੀ ਸਭ ਤੋਂ ਵੱਡੀ ਸੰਸਥਾ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐੱਮ ਏ) ਨੇ ਦੇਸ਼ ਭਰ ਵਿੱਚ ਪੈਰਾ-ਮੈਡੀਕਲ ਕੋਰਸਾਂ ਤੇ ਸਹਾਇਕ ਸਿਹਤ ਵਿਗਿਆਨ ਵਿੱਚ ਸਿੱਖਿਆ ਨੂੰ ਅੱਗੇ ਵਧਾਉਣ ਲਈ ਇੱਕ ਮਹੱਤਵਪੂਰਨ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ। ਇਸ ਮੌਕੇ ਪ੍ਰੋ. (ਡਾ.) ਰਾਜੀਵ ਸੂਦ ਵਾਈਸ ਚਾਂਸਲਰ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਫਰੀਦਕੋਟ ਨੇ ਯੂਨੀਵਰਸਿਟੀ ਦੀ ਨੁਮਾਇੰਦਗੀ ਕੀਤੀ ਤੇ ਦੂਜੇ ਪਾਸੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਨੁਮਾਇੰਦਗੀ ਰਾਸ਼ਟਰੀ ਪ੍ਰਧਾਨ ਡਾ. ਆਰ. ਵੀ. ਅਸ਼ੋਕਨ ਨੇ ਕੀਤੀ।ਇਹ ਸਹਿਯੋਗ ਦੇਸ਼ ਭਰ ਵਿੱਚ ਰਾਸ਼ਟਰੀ ਸਿੱਖਿਆ ਨੀਤੀ (ਐੱਨ ਈ ਪੀ 2020) ਨਾਲ ਜੁੜੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਯੁੱਗ ਵਿੱਚ ਤਕਨਾਲੋਜੀ ਤੇ ਸਾਫਟ ਸਕਿੱਲ ਨੂੰ ਏਕੀਕ੍ਰਿਤ ਕਰਕੇ, ਹੁਨਰ ਵਿਕਾਸ, ਸੁਧਾਈ ਤੇ ਅਪਸਕਿਲਿੰਗ ਨੂੰ ਉਤਸ਼ਾਹਤ ਕਰਨ ਤੇ ਸਿਹਤ ਸੰਭਾਲ ਸਿੱਖਿਆ ਨੂੰ ਵਧਾਉਣ ਵੱਲ ਇੱਕ ਮਹੱਤਵਪੂਰਨ ਕਦਮ ਨੂੰ ਦਰਸਾਉਂਦਾ ਹੈ। ਬੀ ਐੱਫ ਯੂ ਐੱਚ ਐੱਸ ਤੇ ਆਈ ਐੱਮ ਏ ਦਾ ਉਦੇਸ਼ ਦੇਸ਼ ਭਰ ਵਿੱਚ ਮਾਨਤਾ ਪ੍ਰਾਪਤ ਸੰਸਥਾਵਾਂ ਦੁਆਰਾ ਮਿਆਰੀ ਸਿਹਤ ਸੰਭਾਲ ਸਿੱਖਿਆ ਦੇ ਵਿਸਤਾਰ ਦੀ ਕਲਪਨਾ ਕਰਦੇ ਹੋਏ ਅਲਾਈਡ ਹੈਲਥ ਸਾਇੰਸਿਜ਼ ਕੌਂਸਲ ਅਧੀਨ ਪੈਰਾ-ਮੈਡੀਕਲ ਕੋਰਸਾਂ ਦੀ ਪੇਸ਼ਕਸ਼ ਕਰਨਾ ਤੇ ਇੱਕ ਸਮਾਨ ਯੋਗਤਾ-ਅਧਾਰਿਤ ਪਾਠਕ੍ਰਮ ਵਿਕਸਿਤ ਕਰਨਾ ਹੈ।ਇਹ ਮਿਸ਼ਨ Viksit Bharat@2047 ਤੇ ਭਾਰਤੀ ਉੱਚ ਸਿੱਖਿਆ ਸੰਸਥਾਵਾਂ ਵਿੱਚ ਸਿਹਤ ਖੇਤਰ ਵਿੱਚ ਸੁਧਾਰਾਂ ਦੇ ਅਨੁਸਾਰ, ਇਹ ਸਹਿਯੋਗ ਇੱਕ ਮਹੱਤਵਪੂਰਨ ਰਣਨੀਤਕ ਪਹਿਲਕਦਮੀ ਵਜੋਂ ਹੈ।ਇਸ ਮੌਕੇ ਹਸਤਾਖਰ ਕਰਨ ਦੀ ਰਸਮ 'ਚ ਡਾ: ਸ਼ਿਤਿਜ ਬਾਲੀ ਆਨਰੇਰੀ ਵਿੱਤ ਸਕੱਤਰ ਆਈ.ਐੱਮ.ਏ., ਸ਼੍ਰੀ ਗੁਰਦਿੱਤ ਸਿੰਘ ਸੇਖੋਂ ਐੱਮ.ਐੱਲ.ਏ. ਫਰੀਦਕੋਟ, ਡਾ. ਦੀਪਕ ਜੌਹਨ ਭੱਟੀ ਰਜਿਸਟਰਾਰ ਬੀ ਐੱਫ ਯੂ ਐੱਚ ਐੱਸ, ਡਾ: ਸੰਜੀਵ ਗੋਇਲ, ਡਾ: ਪੀ. ਐੱਸ. ਮਾਨ ਆਈ.ਐੱਮ.ਏ. ਦੇ ਰਾਸ਼ਟਰੀ ਸਕੱਤਰ, ਡਾ. ਐੱਸ. ਐੱਸ. ਬਰਾੜ, ਡਾ. ਜੀ. ਐੱਸ. ਗਿੱਲ ਡਾਇਰੈਕਟਰ ਆਦੇਸ਼ ਅਤੇ ਡਾ: ਰੋਹਿਤ ਚੋਪੜਾ ਹਾਜ਼ਰ ਸਨ।ਇਹ ਸਮਝੌਤਾ ਪੱਤਰ ਆਈ ਐੱਮ ਈ ਅਤੇ ਬੀ ਐੱਫ ਯੂ ਐੱਚ ਐੱਸ ਦੁਆਰਾ ਪੇਸ਼ ਕੀਤੇ ਗਏ ਕੋਰਸਾਂ ਦੇ ਸਾਂਝੇ ਸੰਚਾਲਨ ਤੇ ਨਿਯਮ ਲਈ ਇੱਕ ਮਜ਼ਬੂਤ ਢਾਂਚਾ ਸਥਾਪਤ ਕਰਦਾ ਹੈ।ਇਹ ਪ੍ਰਦਾਨ ਕੀਤੀ ਸਿੱਖਿਆ ਦੀ ਗੁਣਵੱਤਾ ਤੇ ਅਖੰਡਤਾ ਨੂੰ ਯਕੀਨੀ ਬਣਾਉਂਦੇ ਹੋਏ ਦੋਵਾਂ ਧਿਰਾਂ ਦੀਆਂ ਭੂਮਿਕਾਵਾਂ ਤੇ ਜ਼ਿੰਮੇਵਾਰੀਆਂ ਨੂੰ ਦਰਸਾਉਂਦਾ ਹੈ।

ਕ੍ਰਿਕਟ ਟੂਰਨਾਮੈਂਟ ਸ਼ੇਰਪੁਰ ਕਲੱਬ ਨੇ ਜਿੱਤਿਆ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਨੇੜਲੇ ਪਿੰਡ ਸ਼ੇਰਪੁਰ ਬੇਟ ਵਿਖੇ ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬ ਵੱਲੋਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਮੁੱਖ ਮਹਿਮਾਨ ਵਜੋਂ ਕਾਂਗਰਸ ਦੇ ਜ਼ਿਲ੍ਹਾ ਉੱਪ-ਪ੍ਰਧਾਨ ਕਸਤੂਰੀ ਲਾਲ ਮਿੰਟੂ ਤੇ ਆੜ੍ਹਤੀ ਕ੍ਰਿਸ਼ਨ ਲਾਲ ਕਾਲੜਾ ਨੇ ਸ਼ਮੂਲੀਅਤ ਕੀਤੀ। ਕ੍ਰਿਕਟ ਟੂਰਨਾਮੈਂਟ 'ਚ ਸ਼ੇਰਪੁਰ ਕਲੱਬ ਨੇ ਪਹਿਲਾ ਤੇ ਮੁਬਾਰਕਪੁਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਉੱਪ ਪ੍ਰਧਾਨ ਕਸਤੂਰੀ ਲਾਲ ਮਿੰਟੂ ਤੇ ਕ੍ਰਿਸ਼ਨ ਲਾਲ ਕਾਲੜਾ ਵੱਲੋਂ ਸੰਯੁਕਤ ਰੂਪ ਵਿੱਚ ਅਦਾ ਕੀਤੀ ਅਤੇ ਉਨ੍ਹਾਂ ਕਲੱਬ ਮੈਂਬਰਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਮਲਕੀਤ ਸਿੰਘ ਸੈਣੀ, ਲਾਡੀ ਸਿੰਘ, ਸਲੀਮ, ਅਮਨਦੀਪ ਸਿੰਘ ਆਦਿ ਮੌਜੂਦ ਸਨ।

ਰਾਹਗੀਰਾਂ ਲਈ ਠੰਢੇ-ਮਿੱਠੇ ਜਲ ਦੀ ਛਬੀਲ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਿੱਖਾਂ ਦੇ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਥਾਨਕ ਗਾਂਧੀ ਚੌਕ 'ਚ ਸਥਿਤ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਵਿਖੇ ਰਾਹਗੀਰਾਂ ਲਈ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਸੇਵਾ ਕਰਨ ਵਾਲਿਆਂ ਵਿੱਚ ਸੁਰਜੀਤ ਸਿੰਘ ਗੋਗੀਆ, ਜੱਸੀ ਮੱਕੜ, ਸੁਰਜੀਤ ਪਾਲੀ, ਜਸਵਿੰਦਰ ਭਿੰਦਾ, ਜੋਤੀ, ਵਿਜੈ ਟੇਲਰ ਆਦਿ ਮੌਜੂਦ ਸਨ।

ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਕਾਬੂ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਚੱਕ ਮੰਨੇਵਾਲਾ ਦੇ ਨਜ਼ਦੀਕ ਨਾਕਾਬੰਦੀ ਕਰਕੇ ਸਵਾ 9 ਬੋਤਲਾਂ ਨਜਾਇਜ਼ ਸ਼ਰਾਬ ਸਣੇ ਇੱਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਜਗਜੀਤ ਸਿੰਘ ਸਾਥੀ ਕਰਮਚਾਰੀਆਂ ਸਮੇਤ ਸਿਟੀ ਥਾਣੇ ਦੇ ਏਰੀਏ ਵਿੱਚ ਮੌਜੂਦ ਸੀ ਅਤੇ ਤਿਕੋਣੀ ਪਿੰਡ ਚੱਕ ਮਵੇਵਾਲਾ ਤੇ ਸ਼੍ਰੀ ਮੁਕਤਸਰ ਸਾਹਿਬ ਬਾਈਪਾਸ ਜਾਣ ਵਾਲੀ ਸੜਕ ਕੋਲ ਪੁੱਜੇ ਤਾਂ ਸਾਹਮਣੇ ਤੋਂ ਇੱਕ ਵਿਅਕਤੀ ਸੱਜੇ ਹੱਥ ਵਿੱਚ ਫੜੀ ਕੈਨੀ ਪਲਾਸਟਿਕ ਤੁਰਿਆ ਆਉਂਦਾ ਦਿਖਾਈ ਦਿੱਤੀ, ਜੋ ਪੁਲਸ ਪਾਰਟੀ ਨੂੰ ਆਉਂਦਾ ਦੇਖ ਕੇ ਪਿੱਛੇ ਨੂੰ ਖਿਸਕਣ ਲੱਗਾ ਤਾਂ ਪੁਲਸ ਪਾਰਟੀ ਨੇ ਇਸ ਵਿਅਕਤੀ ਨੂੰ ਕਾਬੂ ਕਰਨ ਉਪਰੰਤ ਤਲਾਸ਼ੀ ਲਈ ਗਈ ਤਾਂ ਸਵਾ 9 ਬੋਤਲਾਂ ਨਾਜਾਇਜ਼ ਸ਼ਰਾਬ ਬਰਾਮਦ ਹੋਈ।

ਪੁਲਸ ਦੀ ਅਗਲੀ ਪੁੱਛਗਿੱਛ ਦੌਰਾਨ ਇਸ ਵਿਅਕਤੀ ਦੀ ਪਹਿਚਾਣ ਸੁਰਿੰਦਰ ਸਿੰਘ ਪੁੱਤਰ ਰੁਲੀਆ ਸਿੰਘ ਵਾਸੀ ਨੇੜੇ ਬਾਹਮਣੀ ਫਾਟਕ ਨਾਨਕ ਨਗਰੀ ਸਿਟੀ ਜਲਾਲਾਬਾਦ ਵਜੋਂ ਹੋਈ ਹੈ। ਥਾਣਾ ਸਿਟੀ ਵਿਖੇ ਮੁਲਜ਼ਮ ਸੁਰਿੰਦਰ ਸਿੰਘ ਖਿਲਾਫ ਪਰਚਾ ਦਰਜ ਕੀਤਾ ਗਿਆ ਹੈ।

ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੀ ਮੀਟਿੰਗ

ਜਲਾਲਾਬਾਦ (ਜੀਤ ਕੁਮਾਰ)-ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੀ ਮਹੀਨਾਵਾਰ ਮੀਟਿੰਗ ਮਾਰਕੀਟ ਕਮੇਟੀ ਦਫਤਰ ਵਿਖੇ ਬਲਾਕ ਪ੍ਰਧਾਨ ਰਾਮ ਸਿੰਘ ਮੱਕੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਜ਼ਿਲ੍ਹਾ ਪ੍ਰਧਾਨ ਜੋਗਾ ਸਿੰਘ ਭੋਡੀਪੁਰ, ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ ਮੰਨੇਵਾਲਾ, ਜ਼ਿਲ੍ਹਾ ਜਨਰਲ ਸਕੱਤਰ ਬਲਕਾਰ ਸਿੰਘ ਰੋਮਾਵਾਲਾ ਅਤੇ ਸਮੂਹ ਜ਼ਿਲ੍ਹਾ ਅਤੇ ਬਲਾਕ ਕਮੇਟੀ ਅਹੁਦੇਦਾਰਾਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ 'ਚ ਕਿਸਾਨਾਂ ਨੂੰ ਝੋਨੇ ਦੀ ਫਸਲ ਦੀ ਬਿਜਾਈ ਸਬੰਧੀ ਆਉਣ ਵਾਲੀਆਂ ਪ੍ਰੇਸ਼ਾਨੀਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਕਿਸਾਨ ਆਗੂਆਂ ਨੇ ਮੰਗ ਕੀਤੀ ਕਿ ਝੋਨੇ ਦੀ ਬਿਜਾਈ ਵਾਸਤੇ ਘੱਟੋ-ਘੱਟ 16 ਘੰਟੇ ਨਿਰਵਿਘਨ ਬਿਜਲੀ ਦੀ ਸਪਲਾਈ ਕੀਤੀ ਜਾਵੇ। ਸਾਰੀਆਂ ਨਹਿਰਾਂ ਦੀ ਸਫ਼ਾਈ ਕਰਾ ਕੇ ਨਹਿਰਾਂ ਵਿੱਚ ਪੂਰਾ ਪਾਣੀ ਛੱਡਿਆ ਜਾਵੇ। ਉਨ੍ਹਾਂ ਕਿਹਾ ਕਿ ਨਿਜਾਮ ਵਾਹ, ਬਰਕਤ ਵਾਹ, ਫੈਜਵਾਹ, ਲਾਧੂਕਾ ਮੈਨ ਕਨਾਲ, ਲਛਮਣ ਨਹਿਰ ਦੀ ਸਫ਼ਾਈ ਕਰਾਈ ਜਾਵੇ। ਨਹਿਰਾਂ ਦੇ ਬੈਨੇ ਅਤੇ ਸੜਕਾਂ ਦੇ ਬ੍ਰਹਮ ਬਣਾਏ ਜਾਣ ਅਤੇ ਸੜਕਾਂ-ਨਹਿਰਾਂ ਦੇ ਨਾਲ ਦਰੱਖਤ ਲਾਏ ਜਾਣ। ਮੀਟਿੰਗ ਵਿੱਚ ਫ਼ੈਸਲਾ ਕੀਤਾ ਗਿਆ ਕਿ ਮੋਹਾਲੀ ਵਿਚ ਸੀ.ਆਈ.ਐਸ.ਐਫ.ਦੀ ਮਹਿਲਾ ਕਾਂਸਟੇਬਲ ਕੁਲਵਿੰਦਰ ਕੌਰ ਨੂੰ ਇਨਸਾਫ ਦਿਵਾਉਣ ਲਈ ਭਵਿੱਖ ਵਿੱਚ ਸ਼ੁਰੂ ਹੋਣ ਜਾ ਰਹੇ ਸੰਘਰਸ਼ ਦੀ ਹਮਾਇਤ ਕੀਤੀ ਜਾਵੇਗੀ।

ਮੋਦੀ ਦਾ ਤੀਜੀ ਵਾਰ ਪ੍ਰਧਾਨ ਮੰਤਰੀ ਬਣਨਾ ਇਤਿਹਾਸਕ : ਗੌਰਵ ਖੁੱਲਰ

ਜਗਰਾਉਂ (ਅਮਿਤ ਖੰਨਾ)-ਨਰਿੰਦਰ ਮੋਦੀ ਦਾ ਤੀਜੀ ਵਾਰ ਦੇਸ਼ ਦਾ ਪ੍ਰਧਾਨ ਮੰਤਰੀ ਬਣਨਾ ਦੇਸ਼ ਵਾਸੀਆਂ ਲਈ ਇਤਿਹਾਸਕ ਪਲ ਹੈ।ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਹੋਰ ਤੇਜ਼ੀ ਨਾਲ ਵਿਕਾਸ ਕਰੇਗਾ। ਇਹ ਗੱਲ ਭਾਜਪਾ ਦੇ ਸੀਨੀਅਰ ਆਗੂ ਗੌਰਵ ਖੁੱਲਰ ਨੇ ਕਹੀ ਹੈ। ਭਾਜਪਾ ਪੰਜਾਬ ਦੇ ਕਾਰਜਕਾਰਨੀ ਮੈਂਬਰ ਗੌਰਵ ਖੁੱਲਰ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤੀਜੀ ਵਾਰ ਸਹੁੰ ਚੁੱਕ ਸਮਾਗਮ ਦੌਰਾਨ ਜ਼ਿਲ੍ਹਾ ਲੁਧਿਆਣਾ ਦੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਦਾ ਮੰਤਰੀ ਬਣਨਾ ਮਾਣ ਵਾਲੀ ਗੱਲ ਹੈ।ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬ ਦਾ ਮਾਣ ਵਧਾਇਆ ਹੈ ਤੇ ਬਿੱਟੂ ਨੂੰ ਮੰਤਰੀ ਬਣਾਇਆ ਹੈ।ਉਨ੍ਹਾਂ ਕਿਹਾ ਕਿ ਜਿੱਥੇ ਰਵਨੀਤ ਸਿੰਘ ਬਿੱਟੂ ਪੰਜਾਬ ਦੇ ਵਿਕਾਸ ਲਈ ਉਪਰਾਲੇ ਕਰਦੇ ਰਹਿਣਗੇ, ਉੱਥੇ ਹੀ ਉਹ ਇੱਥੋਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੇਂਦਰ ਨਾਲ ਵੀ ਵੱਡੀ ਭਾਈਵਾਲੀ ਵਜੋਂ ਕੰਮ ਕਰਨਗੇ।ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅਮਨ ਕਾਨੂੰਨ ਦੀ ਸਥਿਤੀ ਵਿਗੜ ਚੁੱਕੀ ਹੈ ਅਤੇ ਨਸ਼ਿਆਂ 'ਤੇ ਕਾਬੂ ਨਹੀਂ ਪਾਇਆ ਜਾ ਰਿਹਾ, ਜਿਸ ਨੂੰ ਭਾਜਪਾ ਦੀ ਕੇਂਦਰ ਸਰਕਾਰ ਅਤੇ ਨਵੇਂ ਚੁਣੇ ਗਏ ਰਾਜ ਮੰਤਰੀ ਰਵਨੀਤ ਬਿੱਟੂ ਪਹਿਲ ਦੇ ਆਧਾਰ 'ਤੇ ਹੱਲ ਕਰਨਗੇ।

ਦੁਲੱਦੀ 'ਚ ਮਨਾਇਆ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ

ਨਾਭਾ (ਵਰਿੰਦਰ ਵਰਮਾ)-ਪੰਜਵੇਂ ਪਾਤਸ਼ਾਹ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਸ਼ਹੀਦੀ ਦਿਹਾੜਾ ਨੇੜਲੇ ਪਿੰਡ ਦੁਲੱਦੀ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਪ੍ਰਕਾਸ਼ ਸਾਹਿਬ ਵਿਖੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਪਿੰਡ ਦੀਆਂ ਸੰਗਤਾਂ ਵੱਲੋਂ ਪਿਛਲੇ ਦਿਨਾਂ ਤੋਂ ਸ਼ੁਰੂ ਕੀਤੇ ਗਏ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ।ਇਸ ਮੌਕੇ ਸੰਗਤਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਵੀ ਲਾਈ ਗਈ।ਇਕੱਤਰ ਸੰਗਤਾਂ ਦਾ ਧੰਨਵਾਦ ਕਰਦਿਆਂ ਹਜੂਰੀ ਪਾਠੀ ਸਿੰਘ ਭਾਈ ਹਰਪਾਲ ਸਿੰਘ ਨੇ ਕਿਹਾ ਕਿ ਸਾਨੂੰ ਗੁਰੂਆਂ ਦੇ ਦਰਸਾਏ ਮਾਰਗ 'ਤੇ ਚੱਲ ਕੇ ਆਪਣਾ ਜੀਵਨ ਸਫ਼ਲਾ ਕਰਨਾ ਚਾਹੀਦਾ ਹੈ।

ਕਾਤਰਾਂ

ਰੇਤ ਦੀਆਂ ਭਰੀਆਂ 2 ਟ੍ਰਾਲੀਆਂ-ਟ੍ਰੈਕਟਰ ਬਰਾਮਦ

ਜਲਾਲਾਬਾਦ (ਜੀਤ ਕੁਮਾਰ)-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ ਨਜਾਇਜ਼ ਰੇਤ ਦੀਆਂ ਭਰੀਆਂ 2 ਟ੍ਰੈਕਟਰ-ਟ੍ਰਾਲੀਆਂ ਕਾਬੂ ਕੀਤੀਆਂ ਗਈਆਂ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਨਵਨੀਤ ਕੁਮਾਰ ਜੇ. ਈ. ਉਪ-ਮੰਡਲ ਜਲਾਲਾਬਾਦ ਵੱਲੋਂ ਇੱਕ ਪੱਤਰ ਥਾਣਾ ਸਦਰ ਵਿਖੇ ਦਿੱਤਾ ਗਿਆ ਹੈ ਕਿ ਪਿੰਡ ਲੱਧੂਵਾਲਾ ਹਿਠਾੜ ਵਿਖੇ ਬੱਸ ਅੱਡੇ ਨੇੜੇ 1 ਟ੍ਰੈਕਟਰ ਸੋਨਾਲਿਕਾ ਸਮੇਤ ਰੇਤ ਨਾਲ ਭਰੀ ਟ੍ਰਾਲੀ ਅਤੇ 1 ਟ੍ਰੈਕਟਰ ਸਵਰਾਜ ਸਮੇਤ ਰੇਤ ਦੀ ਭਰੀ ਟ੍ਰਾਲੀ ਬਰਾਮਦ ਕੀਤੀ ਗਈ ਹੈ। ਜਾਂਚ ਅਧਿਕਾਰੀ ਜਤਿੰਦਰ ਸਿੰਘ ਨੇ ਦੱਸਿਆ ਕਿ ਰੇਤ ਦੀਆਂ ਭਰੀਆਂ ਟ੍ਰਾਲੀਆਂ ਤੇ ਟ੍ਰੈਕਟਰ ਆਪਣੇ ਕਬਜ਼ੇ ਵਿੱਚ ਲੈ ਕੇ ਥਾਣਾ ਸਦਰ ਜਲਾਲਾਬਾਦ ਵਿਖੇ ਅਣਪਛਾਤੇ ਵਿਅਕਤੀ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਹੈ।

ਤੇਜ਼ ਰਫਤਾਰ ਬਲੈਰੋ ਦੀ ਟੱਕਰ 'ਚ ਇੱਕ ਜ਼ਖਮੀ

ਸੁਨਾਮ ਊਧਮ ਸਿੰਘ ਵਾਲਾ (ਹਾਕਮ ਭੱਟੀ, ਅਸ਼ੋਕ ਬਾਂਸਲ)-ਪਿੰਡ ਮੌੜ ਦੇ ਨਜ਼ਦੀਕ ਇੱਕ ਸੜਕ ਦੇ ਕੱਟ ਉੱਪਰ ਆਪਣੇ ਮੋਟਰਸਾਈਕਲ ਸਮੇਤ ਮੁੜ ਰਹੇ ਵਿਅਕਤੀ ਨੂੰ ਤੇਜ਼ ਰਫਤਾਰ ਪਿੱਕਅਪ ਬਲੈਰੋ ਗੱਡੀ ਵੱਲੋਂ ਜ਼ਬਰਦਸਤ ਟੱਕਰ ਮਾਰ ਕੇ ਲਪੇਟ ਵਿੱਚ ਲੈ ਲਿਆ। ਮੋਟਰਸਾਈਕਲ ਸਵਾਰ ਹਰਦੇਵ ਸਿੰਘ, ਜੋ ਕਿ ਮੌੜ ਪਿੰਡ ਦਾ ਹੀ ਰਹਿਣ ਵਾਲਾ ਸੀ, ਉਹ ਆਪਣੇ ਪਿੰਡ ਵੱਲ ਨੂੰ ਕੱਟ ਤੋਂ ਜਿਉਂ ਹੀ ਮੁੜਨ ਲੱਗਿਆ ਤਾਂ ਪਿੱਛੋਂ ਇੱਕ ਤੇਜ਼ ਰਫਤਾਰ ਬਲੈਰੋ ਪਿੱਕਅਪ ਗੱਡੀ ਆਈ ਅਤੇ ਫੇਟ ਮਾਰੀ, ਜਿਸ ਵਿੱਚ ਮੋਟਰਸਾਈਕਲ ਸਵਾਰ ਉਕਤ ਵਿਅਕਤੀ ਜ਼ਖਮੀ ਹੋ ਗਿਆ। ਮੌਕੇ ਤੋਂ ਡਰਾਈਵਰ ਫਰਾਰ ਹੋ ਗਿਆ, ਜ਼ਖਮੀਂ ਹਰਦੇਵ ਸਿੰਘ ਨੂੰ ਜ਼ੇਰੇ ਇਲਾਜ ਸੰਗਰੂਰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।

ਸਾਬਕਾ ਵਿਧਾਇਕ ਦਾ ਦੇਹਾਂਤ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਾਬਕਾ ਹਲਕਾ ਵਿਧਾਇਕ ਐਡਵੋਕੇਟ ਧਨਵੰਤ ਸਿੰਘ ਮੰਗਲਵਾਰ ਸਵੇਰੇ ਅਚਾਨਕ ਸਦੀਵੀਂ ਵਿਛੋੜਾ ਦੇ ਗਏ।ਧਨਵੰਤ ਸਿੰਘ (71) ਪਿਛਲੇ ਕਾਫੀ ਸਮੇਂ ਤੋਂ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਚਲੇ ਆ ਰਹੇ ਸਨ ਅਤੇ ਅੱਜ ਸਵੇਰੇ ਧੂਰੀ ਨੇੜਲੇ ਆਪਣੇ ਜੱਦੀ ਪਿੰਡ ਮਾਨਵਾਲਾ ਵਿਖੇ ਉਨ੍ਹਾ ਆਖਰੀ ਸਾਹ ਲਿਆ।ਐਡਵੋਕੇਟ ਧਨਵੰਤ ਸਿੰਘ ਨੇ ਧੂਰੀ ਹਲਕੇ ਦੀ ਲਗਾਤਾਰ ਦੋ ਵਾਰ 1992 ਤੋਂ 1997 ਤੱਕ ਕਾਂਗਰਸ ਪਾਰਟੀ ਅਤੇ 1997 ਤੋਂ 2002 ਤੱਕ ਆਜ਼

12-JUNE-PAGE-11-Majha-24.qxd 6/11/2024 11:35 PM Page 1

ਪਾਕਿਸਤਾਨੀ ਪੰਜਾਬ ਅਸੈਂਬਲੀ 'ਚ ਪੰਜਾਬੀ ਨੂੰ ਪ੍ਰਵਾਨਗੀ ਦੀ ਕੇਂਦਰੀ ਸਭਾ ਵੱਲੋਂ ਭਰਵੀਂ ਸ਼ਲਾਘਾ

* ਪੰਜਾਬ ਤੋਂ ਜਿੱਤੇ ਮੈਂਬਰ ਪਾਰਲੀਮੈਂਟ ਵੀ ਮਾਤ ਭਾਸ਼ਾ ਦੇ ਹੱਕ 'ਚ ਖੜ੍ਹਨ

ਬਾਬਾ ਬਕਾਲਾ ਸਾਹਿਬ (ਨਿਰਮਲ ਸਿੰਘ ਸੰਘਾ/ਜਸਪਾਲ ਸਿੰਘ)-ਪੰਜਾਬੀ ਲੇਖਕਾਂ ਦੀ ਸਿਰਮੌਰ ਜਥੇਬੰਦੀ ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਪਿਛਲੇਰੇ ਦਿਨੀਂ ਪਾਕਿਸਤਾਨੀ ਪੰਜਾਬ ਅਸੈਂਬਲੀ ਵਿਚ ਪੰਜਾਬੀ ਸਮੇਤ 4 ਹੋਰ ਭਾਸ਼ਾਵਾਂ ਬੋਲਣ ਦੀ ਆਗਿਆ ਦੇਣ ਦੇ ਫ਼ੈਸਲੇ ਦਾ ਸੁਆਗਤ ਕੀਤਾ ਗਿਆ ਹੈ।

ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸੀਨੀਅਰ ਮੀਤ ਪ੍ਰਧਾਨ ਡਾ: ਹਰਜਿੰਦਰ ਸਿੰਘ ਅਟਵਾਲ, ਦਫਤਰ ਸਕੱਤਰ ਦੀਪ ਦੇਵਿੰਦਰ ਸਿੰਘ ਅਤੇ ਮੀਤ ਪ੍ਰਧਾਨ ਸ਼ੈਲਿੰਦਰਜੀਤ ਸਿੰਘ ਰਾਜਨ ਵੱਲੋਂ ਜਾਰੀ ਬਿਆਨ ਵਿਚ ਕਿਹਾ ਕਿ ਲਹਿੰਦੇ ਪੰਜਾਬ ਤੋਂ ਪੰਜਾਬੀ ਪ੍ਰਤੀ ਲਏ ਇਸ ਫੈਸਲੇ ਦੀ ਰੌਸ਼ਨੀ ਵਿੱਚ ਹਾਲ ਹੀ ਵਿਚ ਭਾਰਤੀ ਪਾਰਲੀਮਾਨੀ ਚੋਣਾਂ ਵਿੱਚ ਜਿੱਤੇ ਪੰਜਾਬ ਦੇ ਪਾਰਲੀਮੈਂਟ ਮੈਂਬਰਾਂ ਨੂੰ ਵੀ ਮਾਤ ਭਾਸ਼ਾ ਦੇ ਹੱਕ ਵਿੱਚ ਖੜਨਾ ਚਾਹੀਦਾ ਹੈ।

ਉਨ੍ਹਾਂ ਭਾਰਤ ਦੀ ਨਵੀਂ ਬਣੀ ਕੈਬਨਿਟ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦੇ ਰਵਨੀਤ ਬਿੱਟੂ ਵੱਲੋਂ ਅੰਗਰੇਜ਼ੀ ਵਿੱਚ ਸਹੁੰ ਚੁੱਕਣ ਉਤੇ ਕਟਾਕਸ਼ ਕਰਦਿਆਂ ਕਿਹਾ ਕਿ ਜਿਸ ਭਾਸ਼ਾ ਵਿਚ ਇਹ ਰਾਜਨੀਤਕ ਆਗੂ ਆਪਣੇ ਲੱਛੇਦਾਰ ਭਾਸ਼ਣਾਂ ਵਿੱਚ ਲੋਕਾਂ ਕੋਲੋਂ ਵੋਟ ਅਤੇ ਸਪੋਰਟ ਮੰਗਦੇ ਹਨ ਉਸ ਭਾਸ਼ਾ ਤੋਂ ਇੰਝ ਮੂੰਹ ਮੋੜਨਾ ਦਿਆਨਤਦਾਰੀ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਨਵੇਂ ਚੁਣੇ ਪਾਰਲੀਮੈਂਟ ਮੈਂਬਰਾਂ ਨੂੰ ਸਹੁੰ ਚੁੱਕਣ ਸਮੇਤ ਪਾਰਲੀਮੈਂਟ ਅੰਦਰ ਹਰ ਤਰ੍ਹਾਂ ਦਾ ਭਾਸ਼ਣ ਮਾਤ ਭਾਸ਼ਾ ਵਿਚ ਹੀ ਦੇਣਾ ਚਾਹੀਦਾ ਹੈ। ਕੇਂਦਰੀ ਸਭਾ ਦੇ ਅਹੁਦੇਦਾਰਾਂ ਸੁਰਿੰਦਰਪ੍ਰੀਤ ਘਣੀਆਂ, ਦਲਜੀਤ ਸਿੰਘ ਸ਼ਾਹੀ, ਬਲਵਿੰਦਰ ਸੰਧੂ, ਮਨਜੀਤ ਇੰਦਰਾ, ਭੁਪਿੰਦਰ ਕੌਰ ਪ੍ਰੀਤ, ਮੂਲ ਚੰਦ ਸ਼ਰਮਾ, ਰਜਿੰਦਰ ਰਾਜਨ, ਮੱਖਣ ਕੁਹਾੜ, ਡਾ: ਕਰਮਜੀਤ ਸਿੰਘ, ਡਾ: ਪਰਮਜੀਤ ਸਿੰਘ ਬਾਠ, ਮਾ: ਮਨਜੀਤ ਸਿੰਘ ਵੱਸੀ, ਪੰਜਾਬੀ ਸਾਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸਰਪ੍ਰਸਤ ਪ੍ਰਿ: ਰਘਬੀਰ ਸਿੰਘ ਸੋਹਲ, ਪ੍ਰਧਾਨ ਸੰਤੋਖ ਸਿੰਘ ਗੁਰਾਇਆ, ਸੀ: ਮੀਤ ਪ੍ਰਧਾਨ ਮੱਖਣ ਸਿੰਘ ਭੈਣੀਵਾਲਾ ਨੇ ਕਿਹਾ ਕਿ ਪੰਜਾਬ ਤੋਂ ਜਿੱਤ ਕੇ ਗਏ ਪਾਰਲੀਮੈਂਟ ਮੈਂਬਰਾਂ ਨੂੰ ਪਾਰਟੀਬਾਜ਼ੀ ਤੋਂ ਉਪਰ ਉਠ ਕੇ ਪੰਜਾਬ ਅੰਦਰਲੇ ਸਿਹਤ, ਸਿੱਖਿਆ ਅਤੇ ਰੁਜ਼ਗਾਰ ਦੇ ਮਸਲੇ ਇਕਜੁੱਟਤਾ ਨਾਲ ਉਠਾਉਣੇ ਚਾਹੀਦੇ ਹਨ।

ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਲੱਗਾ ਨੌਂ ਰੋਜ਼ਾ ਗੁਰਮਤਿ ਸਿਖਲਾਈ ਕੈਂਪ

ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)- ਸ਼ਹੀਦ ਭਾਈ ਤਾਰੂ ਸਿੰਘ ਗੁਰਮਤਿ ਪ੍ਰਚਾਰ ਸੁਸਾਇਟੀ ਦਸਤੂਰ-ਇ- ਦਸਤਾਰ ਲਹਿਰ ਵੱਲੋਂ ਸਰਬ ਸਤਿਨਾਮ ਕਲਿਆਣ ਟਰੱਸਟ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਗੁਰੂ ਅਰਜਨ ਸਾਹਿਬ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਨੌਂ ਰੋਜ਼ਾ ਗੁਰਮਤਿ ਸਿਖਲਾਈ ਕੈਂਪ' ਗੁਰਦੁਆਰਾ ਜਨਮ ਅਸਥਾਨ ਬਾਬਾ ਭੂਪ ਸਿੰਘ ਪਿੰਡ ਬਾਹਮਣੀ ਵਾਲਾ ਵਿਖੇ ਲਗਾਇਆ ਗਿਆ।ਇਹ ਕੈਂਪ ਗੁਰੂ ਪਾਤਸ਼ਾਹ ਜੀ ਦਾ ਓਟ ਆਸਰਾ ਤੱਕਦਿਆਂ ਹੋਇਆਂ 2 ਜੂਨ ਨੂੰ ਅਰਦਾਸ ਨਾਲ ਸ਼ੁਰੂ ਕੀਤਾ ਗਿਆ, ਜਿਸ ਵਿੱਚ ਭਾਈ ਅਵਤਾਰ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ਼ਹੀਦ ਬਾਬਾ ਭੂਪ ਸਿੰਘ, ਭਾਈ ਨਿਰਮਲ ਸਿੰਘ ਸੁਰ ਸਿੰਘ, ਭਾਈ ਸੁਖਵਿੰਦਰ ਸਿੰਘ ਖਾਲੜਾ, ਭਾਈ ਸੁਖਪਾਲ ਸਿੰਘ ਠੱਟਾ, ਭਾਈ ਜਗਦੀਪ ਸਿੰਘ ਨੌਸ਼ਹਿਰਾ ਪੰਨੂਆਂ, ਪ੍ਰੋਫੈਸਰ ਗੁਰਸੇਵਕ ਸਿੰਘ ਬੋਪਾਰਾਏ, ਭੈਣ ਗੁਰਬੀਰ ਕੌਰ ਵੱਲੋਂ ਕੈਂਪ ਵਿੱਚ ਪਹੁੰਚਣ ਵਾਲੇ ਬੱਚਿਆਂ ਅਤੇ ਸੰਗਤਾਂ ਨੂੰ ਜਪੁਜੀ ਸਾਹਿਬ ਦਾ ਸ਼ੁੱਧ ਉਚਾਰਨ, ਗੁਰ ਇਤਿਹਾਸ, ਸਿੱਖ ਇਤਿਹਾਸ ਨਾਲ ਸੰਬੰਧਿਤ ਸਾਖੀਆਂ, ਗੁਰੂ ਅਰਜਨ ਸਾਹਿਬ ਜੀ ਦਾ ਜੀਵਨ, ਸ਼ਹਾਦਤ ਅਤੇ ਉਸ ਦੇ ਪ੍ਰਭਾਵ, ਗੁਰੂ ਅਮਰਦਾਸ ਜੀ ਦਾ ਜੀਵਨ ਕਾਰਜ, ਪੰਜਾਬੀ ਮਾਂ ਬੋਲੀ ਅਤੇ ਇੱਕ ਚੰਗੇ ਸਮਾਜ ਦੀ ਸਿਰਜਣਾ ਵਿੱਚ ਸਾਡਾ ਕੀ ਰੋਲ ਹੋਵੇ ਆਦਿਕ ਵਿਸ਼ਿਆਂ ਤੇ ਵਿਚਾਰ ਸਾਂਝੇ ਕੀਤੇ ਗਏ ਜਿਨ੍ਹਾਂ ਨੂੰ ਬਹੁਤ ਹੀ ਸਹਿਜ ਅਵਸਥਾ ਦੇ ਵਿੱਚ ਬੱਚਿਆਂ ਦੇ ਵੱਲੋਂ ਸੁਣਿਆ ਅਪਣਾਇਆ ਗਿਆ। 9 ਜੂਨ ਨੂੰ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਦਾ ਲਿਖਤੀ ਅਤੇ ਜ਼ੁਬਾਨੀ ਪੇਪਰ ਲਿਆ ਗਿਆ। ਅੱਜ ਕੈਂਪ ਦੀ ਸਮਾਪਤੀ ਤੇ ਬੱਚਿਆਂ ਦੇ ਸੁੰਦਰ ਲਿਖਾਈ ਅਤੇ ਦਸਤਾਰ ਦੁਮਾਲਾ ਮੁਕਾਬਲੇ ਕਰਵਾਏ ਗਏ।ਇਸ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਅਤੇ ਬੱਚਿਆਂ ਨੇ ਹਾਜ਼ਰੀ ਭਰੀ। ਲਿਖਤੀ ਪ੍ਰੀਖਿਆ, ਦਸਤਾਰ ਦੁਮਾਲਾ ਅਤੇ ਸੁੰਦਰ ਲਿਖਾਈ ਮੁਕਾਬਲੇ ਵਿੱਚ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਸ਼ੀਲਡਾਂ ਅਤੇ ਦਸਤਾਰਾਂ ਦੇ ਕੇ ਸਨਮਾਨਿਤ ਕੀਤਾ ਗਿਆ । ਇਸ ਤੋਂ ਇਲਾਵਾ ਕੇਸ ਰੱਖਣ ਵਾਲੇ ਬੱਚਿਆਂ ਅਤੇ ਪ੍ਰਭਾਵਸ਼ਾਲੀ ਰੋਲ ਨਿਭਾਉਣ ਵਾਲੇ, ਕਵਿਤਾਵਾਂ ਦੇ ਰਾਹੀਂ ਸੰਗਤ ਨੂੰ ਜਾਗਰੂਕ ਕਰਨ ਵਾਲੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹਨਾਂ ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਕੈਂਪ ਦੀ ਸਮਾਪਤੀ ਤੇ ਸੁਸਾਇਟੀ ਦੇ ਪਹੁੰਚੇ ਵਾਈਸ ਕਨਵੀਨਰ ਭਾਈ ਹਰਜੀਤ ਸਿੰਘ ਆਸਟਰੇਲੀਆ, ਭਾਈ ਜਗਜੀਤ ਸਿੰਘ ਅਹਿਮਦਪੁਰ, ਭਾਈ ਹਰਚਰਨ ਸਿੰਘ ਉਬੋਕੇ, ਹਰਪ੍ਰੀਤ ਸਿੰਘ ਪੱਟੀ, ਆਕਾਸ਼ਦੀਪ ਸਿੰਘ ਪੱਟੀ ਨੇ ਆਈਆਂ ਹੋਈਆਂ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇੱਕ ਚੰਗੇ ਸਮਾਜ ਦੀ ਸਿਰਜਣਾ ਕਰਨ ਵਿੱਚ ਇਹੋ ਜਿਹੇ ਗੁਰਮਤਿ ਸਿਖਲਾਈ ਕੈਂਪ ਸਾਰਥਕ ਭੂਮਿਕਾ ਨਿਭਾਉਂਦੇ ਹਨ।ਬੱਚਿਆਂ ਦਾ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ ਇਸ ਗੱਲ ਦਾ ਪ੍ਰਤੀਕ ਹੈ ਕਿ ਸਮਾਜ ਦੀ ਤਸਵੀਰ ਦਿਨ-ਬ-ਦਿਨ ਬਦਲ ਰਹੀ ਹੈ। ਲੋਕ ਜਾਗਰੂਕ ਹੋ ਰਹੇ ਹਨ ਤੇ ਆਪਣੀਆਂ ਜਿੰਮੇਵਾਰੀਆਂ ਨੂੰ ਬਖੂਬੀ ਨਿਭਾਉਣ ਦੇ ਲਈ ਤਤਪਰ ਹੋਏ ਲੱਗਦੇ ਹਨ। ਸੁਸਾਇਟੀ ਦੇ ਕਨਵੀਨਰ ਭਾਈ ਸੰਦੀਪ ਸਿੰਘ ਖਾਲੜਾ, ਪ੍ਰਧਾਨ ਭਾਈ ਸੰਤੋਖ ਸਿੰਘ ਪੱਟੀ, ਮੀਤ ਪ੍ਰਧਾਨ ਭਾਈ ਹੀਰਾ ਸਿੰਘ ਸੋਹਲ, ਜੋਨਲ ਇਨਚਾਰਜ ਭਿੱਖੀਵਿੰਡ ਭਾਈ ਗੁਰਜੰਟ ਸਿੰਘ, ਖਜਾਨਚੀ ਭਾਈ ਮਨਦੀਪ ਸਿੰਘ ਘੋਲੀਆਂ ਕਲਾਂ ਨੇ ਪੱਤਰਕਾਰਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਨਗਰ ਨਿਵਾਸੀਆਂ ਵੱਲੋਂ ਹਰੇਕ ਪੱਖ ਤੋਂ ਕੈਂਪ ਸੰਚਾਲਨ ਕਰਨ ਵਾਲੀ ਟੀਮ ਦਾ ਸਾਥ ਦਿੱਤਾ ਗਿਆ ਹੈ ਉਸ ਲਈ ਅਸੀਂ ਸਮੁੱਚੇ ਨਗਰ ਨਿਵਾਸੀਆਂ ਦਾ, ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕਰਦੇ ਹਾਂ ਤੇ ਆਸ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਅੰਦਰ ਵੀ ਉਹ ਇਸੇ ਤਰ੍ਹਾਂ ਸਾਥ ਦੇਣਗੇ।ਇਸ ਮੌਕੇ ਭਾਈ ਬਾਜ ਸਿੰਘ, ਭਾਈ ਸੁਖਵਿੰਦਰ ਸਿੰਘ ਖਾਲੜਾ, ਭਾਈ ਭਗਵਾਨ ਸਿੰਘ, ਜਗਦੀਸ਼ ਸਿੰਘ ਦਸਤਾਰ ਕੋਚ, ਸਾਜਨ ਪ੍ਰੀਤ ਸਿੰਘ ਦਸਤਾਰ ਕੋਚ, ਸਰਪੰਚ ਦਲਜੀਤ ਸਿੰਘ, ਪ੍ਰਭ ਦਿਆਲ ਸਿੰਘ ਆੜਤੀਆ, ਬਾਬਾ ਪਰਮਪਾਲ ਸਿੰਘ ਪੰਨੂ, ਬਾਬਾ ਲਾਡੀ ਕੈਰੋਂ, ਪ੍ਰਭਜੀਤ ਸਿੰਘ ਸਿੱਧੂ, ਬਲਜੀਤ ਸਿੰਘ, ਮਨਪ੍ਰੀਤ ਸਿੰਘ, ਅਮਨਪ੍ਰੀਤ ਸਿੰਘ, ਮੱਖਣ ਸਿੰਘ ਆਦਿ ਸੰਗਤਾਂ ਹਾਜ਼ਰ ਸਨ।

ਮਾਨਸੂਨ ਤੋਂ ਪਹਿਲਾਂ ਹਰ ਨਾਗਰਿਕ ਲਗਾਵੇ ਵੱਧ ਤੋਂ ਵੱਧ ਬੂਟੇ: ਡੀ ਸੀ

ਤਰਨ ਤਾਰਨ/ਭਿੱਖੀਵਿੰਡ/ਖਾਲੜਾ 11 ਜੂਨ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ/ਗੋਲਣ/ਰਣਬੀਰ ਸਿੰਘ ਗੋਲਣ)- ਵਾਤਾਵਰਨ ਨੂੰ ਸਾਫ ਸੁਥਰਾ ਅਤੇ ਜ਼ਿਲ੍ਹਾ ਤਰਨਤਾਰਨ ਨੂੰ ਹਰਿਆ ਭਰਿਆ ਬਣਾਉਣ ਦੇ ਮੰਤਵ ਨਾਲ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਦੀ ਅਗਵਾਈ ਹੇਠ ਮੰਗਲਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਮੇਤ ਜ਼ਿਲ੍ਹੇ ਵਿੱਚ ਸ਼ੁਰੂ ਹੋਣ ਜਾ ਰਹੀ ਪਲਾਂਟੇਸ਼ਨ ਮੁਹਿੰਮ ਸਬੰਧੀ ਅਹਿਮ ਮੀਟਿੰਗ ਹੋਈ।ਇਸ ਮੀਟਿੰਗ ਦੇ ਵਿੱਚ ਵਿਭਾਗਾਂ ਦੇ ਆਲਾ ਅਧਿਕਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ।ਮੀਟਿੰਗ ਦੌਰਾਨ ਅਧਿਕਾਰੀਆਂ ਨੂੰ ਹਦਾਇਤ ਜਾਰੀ ਕਰਦਿਆਂ ਡਿਪਟੀ ਕਮਿਸ਼ਨਰ ਤਰਨਤਾਰਨ ਸੰਦੀਪ ਕੁਮਾਰ ਨੇ ਕਿਹਾ ਕਿ ਹਰ ਇੱਕ ਅਧਿਕਾਰੀ ਆਪਣੇ ਆਪਣੇ ਵਿਭਾਗਾਂ ਦੇ ਵਿੱਚ ਬੂਟੇ ਲਗਾਉਣ ਲਈ ਜਗ੍ਹਾ ਦੀ ਤੁਰੰਤ ਸ਼ਨਾਖ਼ਤ ਕਰਨ ਤਾਂ ਜੋ ਮਾਨਸੂਨ ਦੇ ਮੌਸਮ ਦੀ ਆਮਦ ਤੋਂ ਪਹਿਲਾਂ ਜ਼ਿਲ੍ਹੇ ਵਿੱਚ ਰਿਕਾਰਡ ਤੋੜ ਬੂਟੇ ਲਗਾਏ ਜਾ ਸਕਣ। ਉਨ੍ਹਾਂ ਮੀਟਿੰਗ ਦੇ ਵਿੱਚ ਮੌਜੂਦ ਹਰ ਇੱਕ ਅਧਿਕਾਰੀ ਨੂੰ ਅੱਜ ਦੇ ਸਮੇਂ ਦੌਰਾਨ ਰੁੱਖਾਂ ਦੀ ਮਹੱਤਤਾ ਤੋਂ ਜਾਣੂ ਕਰਵਾਇਆ।ਉਨ੍ਹਾਂ ਕਿਹਾ ਕਿ ਬੂਟੇ ਲਗਾਉਣਾ ਸਿਰਫ਼ ਸਰਕਾਰੀ ਜਾਂ ਫਿਰ ਨਿੱਜੀ ਅਦਾਰਿਆਂ ਦੀ ਜ਼ਿੰਮੇਵਾਰੀ ਨਹੀਂ ਸਗੋਂ ਹਰ ਇੱਕ ਵਿਅਕਤੀ ਇਸ ਨੂੰ ਯਕੀਨੀ ਬਣਾਏ ਕਿ ਉਹ ਜ਼ਿਲ੍ਹੇ ਦੇ ਵਿੱਚ ਇੱਕ-ਇੱਕ ਬੂਟਾ ਲਗਾਵੇ।ਡਿਪਟੀ ਕਮਿਸ਼ਨਰ ਸੰਦੀਪ ਕੁਮਾਰ ਨੇ ਕਿਹਾ ਕਿ ਵੱਧ ਤੋਂ ਵੱਧ ਹਰਭਲ ਬੂਟੇ ਲਗਾਏ ਜਾਣ ਤਾਂ ਜੋ ਅਜਿਹੇ ਬੂਟਿਆਂ ਦਾ ਮਨੁੱਖ ਦੀ ਸਿਹਤ 'ਤੇ ਚੰਗਾ ਅਸਰ ਹੋਵੇ।ਉਨ੍ਹਾਂ ਕਿਹਾ ਕਿ ਹਰ ਇੱਕ ਵਿਭਾਗ ਜੰਗੀ ਪੱਧਰ ਤੇ ਬੂਟੇ ਲਗਾਉਣ ਤੋਂ ਬਾਅਦ ਇਨ੍ਹਾਂ ਦੇ ਰੱਖ-ਰਖਾਅ ਨੂੰ ਵੀ ਯਕੀਨੀ ਬਣਾਵੇ ਤਾਂ ਜੋ ਨਿੱਕੇ-ਨਿੱਕੇ ਬੂਟੇ ਇੱਕ ਦਿਨ ਵੱਡੇ-ਵੱਡੇ ਰੁੱਖਾਂ ਦਾ ਰੂਪ ਲੈ ਸਕਣ।

ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਤਰਨਤਾਰਨ ਵਿਖੇ ਪਲੇਸਮੈਂਟ ਕੈਂਪ ਭਲਕੇ: ਏ ਡੀ ਸੀ

ਤਰਨਤਾਰਨ/ਭਿੱਖੀਵਿੰਡ/ਖਾਲੜਾ (ਪ੍ਰਿਤਪਾਲ ਸਿੰਘ/ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)- ਪੰਜਾਬ ਸਰਕਾਰ ਵੱਲੋਂ ਬੇਰੁਜ਼ਗਾਰ ਨੌਜਵਾਨ ਪ੍ਰਾਰਥੀਆਂ ਨੂੰ ਰੋਜ਼ਗਾਰ ਮੁਹੱਈਆ ਕਰਵਾਉਣ ਦੇ ਮਕਸਦ ਨਾਲ 13 ਜੂਨ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਤਰਨਤਾਰਨ ਵਿਖੇ ਪਲੇਸਮੈਂਟ ਕੈਂਪ ਲਗਾਇਆ ਜਾਵੇਗਾ।ਉਪਰੋਕਤ ਜਾਣਕਾਰੀ ਵਧੀਕ ਡਿਪਟੀ ਕਮਿਸ਼ਨਰ, ਤਰਨ ਤਾਰਨ ਵਰਿੰਦਰ ਪਾਲ ਬਾਜਵਾ ਵੱਲੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਸਾਂਝੀ ਕੀਤੀ ਗਈ ।ਉਨ੍ਹਾਂ ਕਿਹਾ ਕਿ ਪਲੇਸਮੈਂਟ ਕੈਂਪ ਵਿੱਚ ਰਖਸ਼ਾ ਸਿਕਿਉਰਟੀ ਸਰਵਿਸਿਜ਼ ਲਿਮਟਿਡ (ਜੀ. ਐੱਮ. ਆਰ. ਗਰੁੱਪ) ਅਤੇ ਅਟੇਜ਼ਾ ਵੈੱਲਨੈੱਸ ਪ੍ਰਾਈਵੇਟ ਲਿਮਟਿਡ ਕੰਪਨੀ ਭਾਗ ਲੈ ਰਹੀਆਂ ਹਨ ਅਤੇ ਪਲੇਸਮੈਂਟ ਲਈ ਰਖਸ਼ਾ ਸਿਕਿਉਰਟੀ ਕੰਪਨੀ ਨੂੰ ਸਕਿਉਰਟੀ ਗਾਰਡ ਲਈ ਫਰੈਸ਼ਰ ਅਤੇ ਸਾਬਕਾ ਫੌਜੀਆਂ ਉਮੀਦਵਾਰਾਂ ਦੀ ਜ਼ਰੂਰਤ ਹੈ। ਸਾਬਕਾ ਫੌਜੀਆਂ ਲਈ ਯੋਗਤਾ ਘੱਟੋ-ਘੱਟ ਦਸਵੀਂ ਪਾਸ (ਤਨਖਾਹ 25000 ਰੁਪਏ ਇਨਕਲੂਡਸ ਈਐੱਸਆਈ ਅਤੇ ਈਪੀਐੱਫ)। ਉਮਰ ਹੱਦ ਵੱਧ ਤੋਂ ਵੱਧ 40 ਸਾਲ ਹੋਵੇ ਅਤੇ ਇਸ ਤੋਂ ਇਲਾਵਾ ਕੰਪਨੀ ਨੂੰ ਫਰੈਸ਼ਰ ਉਮੀਦਵਾਰਾਂ ਦੀ ਵੀ ਜ਼ਰੂਰਤ ਹੈ। ਘੱਟੋ-ਘੱਟ ਯੋਗਤਾ ਦਸਵੀਂ ਪਾਸ (ਤਨਖਾਹ 15000 ਰੁਪਏ ਤੋਂ 20000 ਰੁਪਏ। ਇਨ੍ਹਾਂ ਅਸਾਮੀਆਂ ਲਈ ਲੜਕਿਆਂ ਦੀ ਲੰਬਾਈ 5 ਫੁੱਟ 6 ਇੰਚ ਅਤੇ ਲੜਕੀਆਂ ਦੀ ਲੰਬਾਈ 5 ਫੁੱਟ 2 ਇੰਚ, ਉਮਰ ਹੱਦ 18 ਤੋਂ 35 ਸਾਲ ਹੈ ਅਤੇ ਅਟੇਜ਼ਾ ਵੈੱਲਨੈੱਸ ਪ੍ਰਾਈਵੇਟ ਲਿਮਿਟੇਡ ਕੰਪਨੀ ਨੂੰ ਸੇਲਜ਼ ਅਫਸਰ ਲਈ ਉਮੀਦਵਾਰਾਂ ਦੀ ਜ਼ਰੂਰਤ ਹੈ, ਯੋਗਤਾ ਘੱਟੋ-ਘੱਟ ਬਾਰ੍ਹਵੀਂ ਅਤੇ ਗਰੈਜੂਏਸ਼ਨ ਪਾਸ (ਤਨਖਾਹ 10000 ਤੋਂ 15000 ਰੁਪਏ ਤਕ)। ਉਮਰ ਹੱਦ 18 ਤੋਂ 30 ਸਾਲ ਹੋਵੇ। ਇਨ੍ਹਾਂ ਅਸਾਮੀਆਂ ਲਈ ਲੜਕੇ ਅਤੇ ਲੜਕੀਆਂ ਭਾਗ ਲੈ ਸਕਦੇ ਹਨ। 13-06-2024 ਨੂੰ ਸਵੇਰੇ 9 ਵਜੇ ਤੋਂ ਦੁਪਹਿਰ 2 ਵੱਜੇ ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਕਮਰਾ ਨੰਬਰ 115, ਪਹਿਲੀ ਮੰਜ਼ਿਲ ਡੀ. ਸੀ. ਦਫਤਰ ਕੰਪਲੈਕਸ, ਸਰਹਾਲੀ ਰੋਡ (ਪਿੰਡ ਪਿੱਦੀ) ਤਰਨ ਤਾਰਨ ਵਿਖੇ ਆਪਣੇ ਪੜ੍ਹਾਈ ਦੇ ਸਰਟੀਫਿਕੇਟ, ਆਧਾਰ ਕਾਰਡ, ਹੋਰ ਦਸਤਾਵੇਜ਼, ਅਸਲ ਅਤੇ ਫੋਟੋ ਸਟੇਟ ਲੈ ਕੇ ਪਲੇਸਮੈਂਟ ਕੈਂਪ ਵਿੱਚ ਭਾਗ ਲੈ ਸਕਦੇ ਹਨ।ਇਸ ਮੌਕੇ ਵਿਕਰਮਜੀਤ, ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ, ਵਿਕਾਸ ਅਤੇ ਸਿਖਲਾਈ ਅਫਸਰ, ਤਰਨ ਤਾਰਨ ਵੱਲੋਂ ਬੇਰੋਜ਼ਗਾਰ ਉਮੀਦਵਾਰਾਂ ਨੂੰ ਇਸ ਪਲੇਸਮੈਂਟ ਕੈਂਪ ਵਿੱਚ ਵੱਧ ਤੋਂ ਵੱਧ ਭਾਗ ਲੈਣ ਲਈ ਕਿਹਾ ਗਿਆ ਹੈ।ਉਨ੍ਹਾ ਕਿਹਾ ਕਿ ਇਸ ਸਬੰਧੀ ਵਧੇਰੇ ਜਾਣਕਾਰੀ ਲਈ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਤਰਨ ਤਾਰਨ ਦੇ ਹੈਲਪ ਲਾਈਨ ਨੰਬਰ 77173-97013 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਨਈਅਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਸ਼ਰਧਾਪੂਰਵਕ ਮਨਾਇਆ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਨਈਅਰ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਚੀਮਾ ਰੋਡ 'ਤੇ ਸਥਿਤ ਸਤੀ ਮਾਤਾ ਮੰਦਿਰ ਵਿਖੇ ਪ੍ਰਧਾਨ ਨਵਲ ਕਿਸ਼ੋਰ ਨਈਅਰ ਦੀ ਅਗਵਾਈ ਹੇਠ ਬਹੁਤ ਹੀ ਧੂਮਧਾਮ ਨਾਲ ਅਤੇ ਸ਼ਰਧਾਪੂਰਵਕ ਮਨਾਇਆ ਗਿਆ। ਸਵੇਰੇ ਪਿੰਡੀ ਰੂਪ ਵਿੱਚ ਮੌਜੂਦ ਕੁਲ ਦੇ

12-JUNE-PAGE-12.qxd 6/11/2024 11:34 PM Page 1

ਪਨਾਮਾ ਦੇ ਕੈਰੇਬੀਅਨ ਸਾਗਰ 'ਚ ਵਸੇ ਖੂਬਸੂਰਤ ਦੀਪ ਗਾਰਡੀ ਸੁਗਡਬ ਦੇ 300 ਪਰਵਾਰਾਂ ਨੂੰ ਦੂਜੀ ਜਗ੍ਹਾ ਵਸਾਇਆ ਜਾ ਰਿਹਾ ਹੈ। ਹਾਲਾਤ ਇਸ ਤਰ੍ਹਾਂ ਦੇ ਪੈਦਾ ਹੋ ਗਏ ਕਿ ਜਾਂ ਤਾਂ ਉਹ ਆਪਣੀ ਜਨਮ ਭੂਮੀ ਛੱਡ ਦੇਣ ਜਾਂ ਵਧਦੇ ਸਮੁੰਦਰੀ ਪਾਣੀ 'ਚ ਸਮਾਅ ਜਾਣ। ਅਸਲ 'ਚ ਜਲਵਾਯੂ ਪਰਿਵਰਤਨ ਕਾਰਨ ਸਮੁੰਦਰ 'ਚ ਪਾਣੀ ਵਧ ਰਿਹਾ ਹੈ। 2050 ਤੱਕ ਪਨਾਮਾ ਨੂੰ ਸਮੁੰਦਰੀ ਪਾਣੀ ਦੇ ਵਾਧੇ ਕਾਰਨ ਆਪਣੇ ਖੇਤਰਾਂ ਦਾ ਲਗਭਗ 2.01 ਫੀਸਦੀ ਹਿੱਸਾ ਗੁਆਉਣਾ ਪੈ ਸਕਦਾ ਹੈ।

ਮਾਨਸਿਕ ਤਣਾਅ ਮਨੁੱਖ ਨੂੰ ਅੰਦਰੋਂ ਖੋਖਲਾ ਕਰ ਦਿੰਦਾ : ਡਾ. ਸੰਧੂ

ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ) ਮਾਨਸਿਕ ਤਣਾਅ ਇੱਕ ਅਜਿਹੀ ਬਿਮਾਰੀ ਹੈ ਜੋ ਮਨੁੱਖ ਨੂੰ ਅੰਦਰੋਂ ਖੋਖਲਾ ਕਰ ਦਿੰਦੀ ਹੈ। ਇਸ ਬਿਮਾਰੀ ਤੋਂ ਪੀੜਤ ਲੋਕ ਗਮ ਵਿੱਚ ਡੁੱਬੇ ਰਹਿੰਦੇ ਹਨ ਅਤੇ ਕਈ ਵਾਰ ਖ਼ੁਦਕੁਸ਼ੀ ਵਰਗੇ ਕਦਮ ਵੀ ਚੁੱਕ ਲੈਂਦੇ ਹਨ। ਚੰਡੀਗੜ੍ਹ ਰੋਡ ਨਵਾਂਸ਼ਹਿਰ ਸੰਧੂ ਹਸਪਤਾਲ ਦੇ ਡਾ. ਜੋਤਨਿੰਦਰ ਸਿੰਘ ਸੰਧੂ ਨੇ ਕਿਹਾ ਕਿ ਮਨੁੱਖ ਨੂੰ ਜੀਵਨ ਜਿਊਣ ਦੀ ਕਲਾ ਸਿੱਖਣੀ ਚਾਹੀਦੀ ਹੈ। ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਭਾਰਤ ਦੀ 7.5 ਫੀਸਦੀ ਆਬਾਦੀ ਕਿਸੇ ਨਾ ਕਿਸੇ ਮਾਨਸਿਕ ਸਮੱਸਿਆ ਤੋਂ ਪੀੜਤ ਹੈ। ਇਹ ਪੂਰੀ ਦੁਨੀਆ ਦਾ 15 ਫੀਸਦੀ ਹੈ। ਪੀੜਤ ਲੋਕ ਇਸ ਨੂੰ ਸਮਝਣ ਤੋਂ ਅਸਮਰੱਥ ਹਨ।ਡਾ. ਸੰਧੂ ਨੇ ਕਿਹਾ ਕਿ ਛੋਟੀਆਂ-ਛੋਟੀਆਂ ਗੱਲਾਂ 'ਤੇ ਗੁੱਸਾ ਆਉਣਾ, ਚਿੰਤਾ 'ਚ ਰਹਿਣਾ ।ਮੌਜੂਦਾ ਸਮੇਂ ਵਿੱਚ ਨੌਜਵਾਨ ਪੀੜ੍ਹੀ ਵੀ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੀ ਹੈ। ਇਸ ਦਾ ਮੁੱਖ ਕਾਰਨ ਬਹੁਤ ਜ਼ਿਆਦਾ ਇੱਛਾਵਾਂ ਹੋਣਾ ਹੈ। ਸਾਨੂੰ ਆਪਣੇ ਆਪ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕਰਦੇ ਰਹਿਣਾ ਚਾਹੀਦਾ ਹੈ। ਜੇਕਰ ਅਸੀਂ ਸਫਲ ਨਹੀਂ ਹੁੰਦੇ ਤਾਂ ਦੁਬਾਰਾ ਕੋਸ਼ਿਸ਼ ਨਾ ਕਰਨਾ ਸਹੀ ਨਹੀਂ। ਮਿਹਨਤ ਨਾਲ ਕੀਤਾ ਗਿਆ ਕੰਮ ਹਮੇਸ਼ਾ ਪੂਰਾ ਹੁੰਦਾ ਹੈ। ਅਸਫਲਤਾ ਤੋਂ ਬਾਅਦ ਕੋਸ਼ਿਸ਼ਾਂ ਛੱਡ ਦੇਣਾ, ਸ਼ਰਾਬ ਅਤੇ ਹੋਰ ਨਸ਼ਿਆਂ ਦਾ ਸੇਵਨ ਵਿਅਕਤੀ ਨੂੰ ਤਣਾਅ ਵੱਲ ਮੋੜ ਦਿੰਦਾ ਹੈ ਅਤੇ ਫਿਰ ਹੌਲੀ-ਹੌਲੀ ਵਿਅਕਤੀ ਖੁਦਕੁਸ਼ੀ ਦੇ ਰਾਹ ਤੁਰ ਪੈਂਦਾ ਹੈ। ਇਸ ਲਈ ਆਪਣੀ ਸੋਚ ਨੂੰ ਸਾਕਾਰਾਤਮਕ ਰੱਖਣਾ ਜ਼ਰੂਰੀ ਹੈ।ਡਾ. ਸੰਧੂ ਕਿਹਾ ਕਿ ਮਾਨਸਿਕ ਥਕਾਵਟ ਸਾਨੂੰ ਮਾਨਸਿਕ ਤੌਰ 'ਤੇ ਬਿਮਾਰ ਕਰ ਸਕਦੀ ਹੈ। ਕਈ ਵਾਰ ਪੜ੍ਹਾਈ ਜਾਂ ਕੰਮ ਦਾ ਬੋਝ, ਰਿਸ਼ਤਿਆਂ ਵਿੱਚ ਦਰਾਰ, ਕਰੀਅਰ ਆਦਿ ਦੀ ਚਿੰਤਾ ਸਾਨੂੰ ਤਣਾਅ ਦਿੰਦੀ ਹੈ ਅਤੇ ਜੇਕਰ ਇਹ ਤਣਾਅ ਲੰਬੇ ਸਮੇਂ ਤੱਕ ਬਣਿਆ ਰਹੇ ਤਾਂ ਇਹ ਡਿਪਰੈਸ਼ਨ ਵਿੱਚ ਬਦਲ ਸਕਦਾ ਹੈ।ਬੇਚੈਨੀ, ਘੱਟ ਜਾਂ ਜ਼ਿਆਦਾ ਨੀਂਦ, ਸਿਰ ਦਰਦ, ਕੰਨਾਂ ਵਿੱਚ ਘੰਟੀ ਵੱਜਣਾ, ਯਾਦਾਸ਼ਤ ਘਟਣਾ, ਵਾਰ-ਵਾਰ ਹੱਥ ਧੋਣਾ, ਚੀਜ਼ਾਂ ਦੀ ਵਰਤੋਂ ਕਰਦੇ ਸਮੇਂ ਘਬਰਾਹਟ, ਚਿੜਚਿੜਾਪਨ, ਭੁੱਲਣਾ, ਆਤਮ ਹੱਤਿਆ ਦੀ ਕੋਸ਼ਿਸ਼ ਕਰਨਾ ਜਾਂ ਧਮਕੀ ਦੇਣਾ ਆਦਿ ਮਾਨਸਿਕ ਰੋਗ ਦੇ ਲੱਛਣ ਹਨ। ਜੇਕਰ ਅਜਿਹੇ ਮਰੀਜ਼ ਸਮੇਂ ਸਿਰ ਆਪਣਾ ਇਲਾਜ ਕਰਵਾ ਲੈਂਦੇ ਹਨ, ਤਾਂ ਉਹ ਜਲਦੀ ਠੀਕ ਹੋ ਸਕਦੇ ਹਨ । ਮੌਜੂਦਾ ਸਮੇਂ ਵਿੱਚ ਕੰਮ ਦੇ ਕਾਰਨ ਤਣਾਅ ਤੋਂ ਪੀੜਤ ਲੋਕਾਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਦਫਤਰ ਵਿੱਚ ਕੰਮ ਦਾ ਦਬਾਅ ਜਾਂ ਘਰ ਵਿੱਚ ਸਮੱਸਿਆਵਾਂ ਵਿਅਕਤੀ ਨੂੰ ਤਣਾਅ ਵਿੱਚ ਪਾ ਦਿੰਦੀਆਂ ਹਨ। ਤਣਾਅ ਤੋਂ ਪੀੜਤ ਲੋਕਾਂ ਦੀ ਨੀਂਦ ਵੀ ਖਤਮ ਹੋ ਸਕਦੀ ਹੈ।

ਆਕਸੀਜਨ ਤੋਂ ਬਿਨਾਂ ਜੀਵਨ ਮਿੱਟੀ ਹੈ : ਪ੍ਰਿੰਸੀਪਲ ਕਾਹਲੋਂ

ਕਲਾਨੌਰ, (ਮਨਦੀਪ ਕੋਹਲੀ)-ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿੱਚ ਮੈਨੇਜਿੰਗ ਡਾਇਰੈਕਟਰ ਸਰਦਾਰ ਬਲਬੀਰ ਸਿੰਘ ਕਾਹਲੋਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਪ੍ਰਿੰ. ਬਲਜਿੰਦਰ ਕੌਰ ਕਾਹਲੋਂ ਅਤੇ ਸਟਾਫ ਵੱਲੋਂ ਵਾਤਾਵਰਨ ਦਿਵਸ ਸਬੰਧੀ ਪੌਦੇ ਲਗਾਏ ਗਏ।ਵਾਤਾਵਰਨ ਦਿਵਸ ਸਬੰਧੀ ਗੱਲਬਾਤ ਕਰਦਿਆਂ ਪ੍ਰਿੰ. ਬਲਜਿੰਦਰ ਕੌਰ ਕਾਹਲੋਂ ਨੇ ਕਿਹਾ ਕਿ ਰੁੱਖ ਲਗਾਉਣਾ ਮਨੁੱਖ ਦਾ ਪਹਿਲਾ ਫਰਜ਼ ਹੋਣਾ ਚਾਹੀਦਾ ਹੈ। ਹਰ ਇੱਕ ਮਨੁੱਖ ਨੂੰ ਆਪਣਾ ਇਹ ਫਰਜ਼ ਪੂਰਾ ਕਰਨਾ ਚਾਹੀਦਾ ਹੈ ਤੇ ਵੱਧ ਤੋਂ ਵੱਧ ਪੌਦੇ ਲਗਾਉਣੇ ਚਾਹੀਦੇ ਹਨ। ਉਨ੍ਹਾਂ ਨੇ ਕਿਹਾ ਕਿ ਜਿੱਥੇ ਸਾਨੂੰ ਨਵੇਂ ਪੌਦੇ ਲਗਾਉਣੇ ਚਾਹੀਦੇ ਹਨ ਉਥੇ ਹੀ ਪਹਿਲਾਂ ਲੱਗੇ ਪੌਦਿਆਂ ਦੀ ਵੀ ਦੇਖਭਾਲ ਕਰਨੀ ਚਾਹੀਦੀ ਹੈ। ਪ੍ਰਿੰਸੀਪਲ ਮੈਡਮ ਨੇ ਕਿਹਾ ਕਿ ਜਿਵੇਂ ਤੁਹਾਨੂੰ ਪਤਾ ਹੈ ਕਿ ਹਰ ਸਾਲ ਤਾਪਮਾਨ ਬਹੁਤ ਵਧਦਾ ਜਾ ਰਿਹਾ ਹੈ ਅਤੇ ਉਨੇ ਪੌਦੇ ਲਗਾਏ ਜਾਣ ਜਿੰਨੇ ਪੌਦਿਆਂ ਦੀ ਕਟਾਈ ਕੀਤੀ ਜਾਂਦੀ ਹੈ। ਸੋ ਸਾਨੂੰ ਸਾਰਿਆਂ ਨੂੰ ਚਾਹੀਦਾ ਹੈ ਕਿ ਵੱਧ ਤੋਂ ਵੱਧ ਪੌਦੇ ਲਗਾਈਏ। ਸਕੂਲ ਛੁੱਟੀਆਂ ਹੋਣ ਦੇ ਬਾਵਜੂਦ ਉਨ੍ਹਾਂ ਨੇ ਬੱਚਿਆਂ ਨੂੰ ਘਰਾਂ ਵਿੱਚ ਮੈਸੇਜ ਦਿੱਤਾ ਕਿ ਹਰ ਇੱਕ ਬੱਚਾ ਇੱਕ ਇੱਕ ਪੌਦਾ ਲਗਾ ਕੇ ਆਪਣੀ-ਆਪਣੀ ਫੋਟੋ ਭੇਜੇ ਅਤੇ ਜਿਹੜਾ ਬੱਚਾ ਵੱਧ ਪੌਦੇ ਲਗਾਏਗਾ ਉਸ ਨੂੰ ਸਕੂਲ ਮੈਨੇਜਮੈਂਟ ਵੱਲੋਂ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੈਡਮ ਰੁਪਿੰਦਰ ਕੌਰ, ਮੈਡਮ ਸ਼ੁਭ ਕਰਮਨ, ਪੇਂਟਿੰਗ ਆਰਟਿਸਟ ਯਸ਼ਲੀਨ ਕੋਹਲੀ, ਕਵਲ ਆਦਿ ਹਾਜ਼ਰ ਸਨ।

ਚੰਨੀ ਦੇ ਐੱਮ ਪੀ ਬਣਨ ਦੀ ਖੁਸ਼ੀ 'ਚ ਵੰਡੇ ਲੱਡੂ

ਫਿਲੌਰ (ਨਿਰਮਲ)- ਐਸੀ ਬੀ ਸੀ ਪੰਚ, ਸਰਪੰਚ, ਨੰਬੜਦਾਰ ਯੂਨੀਅਨ ਵੱਲੋਂ ਚਰਨਜੀਤ ਸਿੰਘ ਚੰਨੀ ਦੀ ਐਮ.ਪੀ ਚੋਣਾਂ ਵਿੱਚ ਹੋਈ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ।ਯੂਨੀਅਨ ਦੇ ਪ੍ਰਧਾਨ ਦੇਸਰਾਜ ਮੱਲ ਨੇ ਕਿਹਾ ਕਿ ਅਸੀਂ ਪਾਰਟੀਬਾਜੀ ਤੋਂ ਉੱਪਰ ਉੱਠ ਕੇ ਇੱਥੇ ਇਕੱਠ ਕੀਤਾ ਅਤੇ ਆਸ ਪ੍ਰਗਟ ਕੀਤੀ ਕਿ ਸਾਡੀ ਯੂਨੀਅਨ ਦੀ ਮੰਗ ਚੰਨੀ ਹੱਲ ਕਰਵਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਸਾਡੇ ਸਮੂਹ ਜਥੇਬੰਦੀ ਆਪਣੀ ਮੰਗਾਂ ਸਬੰਧੀ ਮੰਗ ਪੱਤਰ ਛੇਤੀ ਹੀ ਚੰਨੀ ਨੂੰ ਦੇਣਗੇ। ਇਸ ਮੌਕੇ 'ਤੇ ਸਰਵਸ਼੍ਰੀ ਪ੍ਰੇਮ ਲਾਲ, ਨਿਰਮਲ ਸਿੰਘ, ਚਰਨਜੀਤ ਸਿੰਘ, ਅਮਰੀਕ ਸਿੰਘ ਚਰਨਜੀਤ, ਅਮਰੀਕ ਚੰਦ, ਪ੍ਰਗਣ ਦਿਆਲਪੁਰ ਜੋਗਿੰਦਰ ਰਾਮ, ਬਿਸ਼ਨ ਦਾਸ, ਸੁਰਿੰਦਰ, ਤੀਰਥ ਰਾਮ, ਬਲਵੀਰ, ਰਾਮ ਲਾਲ ਹਰਬੰਸ, ਸੰਧੂ ਗਗਨ, ਮਦਨ ਲਾਲ ਅਤੇ ਹੋਰ ਹਾਜ਼ਰ ਸਨ।ਮ੦

ਮੁਰਸ਼ਦ ਮੀਆਂ ਚਿਰਾਗ ਸ਼ਾਹ ਦੀ ਯਾਦ 'ਚ ਮੇਲਾ ਮਨਾਇਆ

ਬੰਗਾ (ਅਵਤਾਰ ਕਲੇਰ) ਦਰਬਾਰ ਮੁਰਸ਼ਦ ਮੀਆਂ ਚਿਰਾਗ ਸ਼ਾਹ ਦੀ ਯਾਦ 'ਚ ਪਿੰਡ ਸੁੰਨੜਾ ਰਾਜਪੂਤਾਂ ਵਿਖੇ ਸਾਲਾਨਾ ਮੇਲਾ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਵੱਖ ਵੱਖ ਦਰਬਾਰਾਂ ਤੋਂ ਬਾਬਾ ਸ਼ੰਭੂ ਫ਼ਿਲੌਰ, ਸਾਈਂ ਜਸਵੀਰ ਦਾਸ ਸਾਬਰੀ ਖਾਨਖਾਨਾ, ਸਾਈਂ ਬਿੰਦਰ ਸ਼ਾਹ ਸਰਹਾਲੀ, ਬੀਬੀ ਰਣਜੀਤ ਕੌਰ, ਬੀਬੀ ਮੋਬੀਨਾ ਸਾਬਰੀ,ਬਾਬਾ ਅਰਜੁਨ ਸੁੰਨੜਾ, ਸਾਈਂ ਅਵਿਨਾਸ਼ ਸ਼ਾਹ ਕਾਦਰੀ ਕੋਟ ਫਤੂਹੀ, ਸਾਈਂ ਕਾਲੇ ਸ਼ਾਹ, ਬਾਬਾ ਅਸ਼ੋਕ ਸ਼ਾਹ ਆਦਿ ਸੰਤ ਮਹਾਂਪੁਰਸ਼ਾਂ ਨੇ ਸ਼ਿਰਕਤ ਕੀਤੀ। ਇਸ ਦੋ ਦਿਨਾ ਮੇਲੇ ਦੌਰਾਨ ਪਹਿਲੇ ਦਿਨ ਸ਼ਾਮ ਨੂੰ ਮਹਿੰਦੀ ਦੀ ਰਸਮ, ਚਿਰਾਗ ਰੋਸ਼ਨ, ਝੰਡੇ ਦੀ ਰਸਮ ਉਪਰੰਤ ਕਵਾਲ ਅਤੇ ਨਕਾਲ ਪਾਰਟੀਆਂ ਨੇ ਹਾਜ਼ਰੀਆਂ ਭਰੀਆਂ। ਮੇਲੇ ਦੇ ਦੂਸਰੇ ਦਿਨ ਚਾਦਰ ਦੀ ਰਸਮ ਉਪਰੰਤ ਪੰਜਾਬ ਦੇ ਮਸ਼ਹੂਰ ਕਲਾਕਾਰ ਬੂਟਾ ਮੁਹੰਮਦ, ਗੁਰਮੇਜ ਮੇਹਲੀ, ਕਮਲ ਕਟਾਣੀਆ,ਰੂਪਾ ਪੰਡਵਾ, ਕੁਲਦੀਪ ਰੁਹਾਨੀ, ਇਬਾਦਤ ਅਲੀ, ਜਸਵੀਰ ਜੱਸੀ ਆਦਿ ਕਲਾਕਾਰਾਂ ਨੇ ਧਾਰਮਿਕ ਅਤੇ ਸੱਭਿਆਚਾਰ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਕੁਲਰਾਜ ਮੁਹੰਮਦ ਵਲੋਂ ਨਿਭਾਈ ਗਈ। ਪ੍ਰਬੰਧਕਾਂ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਦਾਨੀ ਸੱਜਣਾਂ ਅਤੇ ਸੇਵਾਦਾਰਾਂ ਨੂੰ ਸਨਮਾਨਿਤ ਕੀਤਾ ਗਿਆ। ਮੇਲਾ ਸ਼ਾਨੋ ਸ਼ੌਕਤ ਨਾਲ ਸਮਾਪਤ ਹੋਇਆ।

ਖਸਤਾ ਹਾਲ ਜਗਤਪੁਰ ਦੇ ਸ਼ਮਸ਼ਾਨਘਾਟ ਵੱਲ ਪ੍ਰਸ਼ਾਸਨ ਧਿਆਨ ਦੇਵੇ

ਗੁਰਦਾਸਪੁਰ (ਜਨਕ ਮਹਾਜਨ)-ਦਰਿਆ ਬਿਆਸ ਦੀ ਧੁੱਸੀ ਕੰਢੇ ਪਿੰਡ ਜਗਤਪੁਰ ਦੇ ਬਣੇ ਸ਼ਮਸ਼ਾਨ ਘਾਟ ਦੀ ਚਾਰਦੀਵਾਰੀ ਅਤੇ ਸ਼ੈੱਡ ਨਾ ਹੋਣ ਕਾਰਨ ਇਸ ਦੀ ਹਾਲਤ ਖਸਤਾ ਬਣੀ ਪਈ ਹੈ। ਇਥੇ ਨਾ ਤਾਂ ਚਾਰਦੀਵਾਰੀ ਹੈ ਤੇ ਨਾ ਹੀ ਕੋਈ ਸ਼ੈੱਡ ਬਣਿਆ ਹੈ। ਇਸ ਤੋਂ ਇਲਾਵਾ ਲੋਕਾਂ ਦੇ ਬੈਠਣ ਵਾਸਤੇ ਬੈਂਚ ਤੱਕ ਨਹੀਂ ਹਨ। ਲੋਕਾਂ ਨੇ ਦੱਸਿਆ ਕਿ ਇੱਥੇ ਪੀਣ ਵਾਲੇ ਪਾਣੀ ਦਾ ਵੀ ਕੋਈ ਪ੍ਰਬੰਧ ਨਹੀਂ ਹੈ। ਲੋਕਾਂ ਦੀ ਜ਼ਿਲ੍ਹਾ ਪ੍ਰਸ਼ਾਸਨ ਪਾਸੋਂ ਮੰਗ ਹੈ ਕਿ ਸ਼ਮਸ਼ਾਨਘਾਟ ਦੀ ਹਾਲਤ ਸੁਧਾਰਨ ਵਾਸਤੇ ਪੰਚਾਇਤ ਨੂੰ ਵੱਧ ਤੋਂ ਵੱਧ ਫੰਡ ਅਲਾਟ ਕੀਤੇ ਜਾਣ ਜਿਸ ਨਾਲ ਚਾਰਦੀਵਾਰੀ ਤੇ ਬੈਠਣ ਵਾਸਤੇ ਇਥੇ ਸ਼ੈੱਡ ਦਾ ਨਿਰਮਾਣ ਕੀਤਾ ਜਾ ਸਕੇ।

ਸ਼ਹੀਦੀ ਦਿਹਾੜੇ ਨੂੰ ਸਮਰਪਤ ਵੱਖ-ਵੱਖ ਥਾਈਂ ਛਬੀਲਾਂ ਲੱਗੀਆਂ

ਕਲਾਨੌਰ (ਮਨਦੀਪ ਕੋਹਲੀ)-ਪੰਜਵੀਂ ਪਾਤਸ਼ਾਹੀ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ 418ਵੇਂ ਸ਼ਹੀਦੀ ਦਿਹਾੜੇ ਮੌਕੇ ਕਲਾਨੌਰ ਇਲਾਕੇ ਦੇ ਵੱਖ-ਵੱਖ ਸਥਾਨਾਂ ਤੇ ਨਾਨਕ ਨਾਮ ਲੇਵਾ ਸੰਗਤਾਂ ਵੱਲੋਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ।

ਸ਼ਹੀਦੀ ਦਿਹਾੜੇ ਮੌਕੇ ਲੱਖਣ ਕਲਾਂ, ਲੱਖਣ ਖੁਰਦ, ਨੜਾਂਵਾਲੀ, ਸੰਗਤਪੁਰ, ਬਿਸ਼ਨਕੋਟ, ਬਾਬਾ ਕਾਰ ਸਟੇਡੀਅਮ ਕਲਾਨੌਰ, ਵਡਾਲਾ ਵਾਂਗਰ , ਡੇਰਾ ਬਾਬਾ ਨਾਨਕ ਰੋਡ, ਸਿੰਘ ਸਭਾ ਗੁਰਦੁਆਰਾ ਕਲਾਨੌਰ ਆਦਿ ਹਰ ਜਗ੍ਹਾ 'ਤੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਲਗਾਈਆਂ ਗਈਆਂ, ਜਿੱਥੇ ਆਉਣ ਜਾਣ ਵਾਲੀਆਂ ਸੰਗਤਾਂ ਵੱਲੋਂ ਠੰਡੇ ਮਿੱਠੇ ਜਲ ਦੀ ਛਬੀਲ ਦਾ ਸੇਵਨ ਕੀਤਾ ਜਾ ਰਿਹਾ ਸੀ। ਗੁਰੂ ਚਰਨਾਂ ਵਿੱਚ ਸਰਬੱਤ ਦੇ ਭਲੇ ਲਈ ਅਰਦਾਸਾਂ ਬੇਨਤੀਆਂ ਕੀਤੀਆਂ ਜਾ ਰਹੀਆਂ ਸਨ। ਨੌਜਵਾਨਾਂ ਨੇ ਸੰਗਤਾਂ ਨੂੰ ਜਲ ਪਿਆਉਣ ਵਿੱਚ ਬਹੁਤ ਉਤਸ਼ਾਹ ਦਿਖਾਇਆ। ਸੇਵਾ ਕਰਨ ਵਾਲਿਆਂ ਵਿੱਚ ਸੇਵਾਦਾਰ ਨਿਸ਼ਾਨ ਸਿੰਘ ਗੁਰਾਇਆ, ਸਾਹਿਲ ਗੁਰਾਇਆ, ਬਿਕਾ, ਕਿੰਸੁਕ ਸੱਚਰ, ਰਜਿੰਦਰ ਸਿੰਘ, ਬੱਬੂ ਇਟਲੀ, ਕਵਲ ਇਟਲੀ, ਸਾਬੀ, ਰਾਣਾ ਹੰਜਰਾ, ਐੱਮਪੀ ਹੰਜਰਾ ਆਦਿ ਹਾਜ਼ਰ ਸਨ।

ਹਨੂੰਮਾਨ ਚੌਕ ਨੇੜੇ 6 ਦੁਕਾਨਾਂ ਨੂੰ ਅੱਗ ਲੱਗਣ ਕਾਰਨ ਕਰੋੜਾਂ ਰੁਪਏ ਦਾ ਨੁਕਸਾਨ

ਗੁਰਦਾਸਪੁਰ (ਜਨਕ ਮਹਾਜਨ)-ਬੀਤੀ ਰਾਤ ਸ਼ਹਿਰ ਦੇ ਹਨੂੰਮਾਨ ਚੌਕ ਤੇ ਅਮਾਮਵਾੜਾ ਚੌਕ ਵਿਚਕਾਰ ਛੇ ਦੇ ਕਰੀਬ ਦੁਕਾਨਾਂ ਨੂੰ ਅੱਗ ਲੱਗਣ ਨਾਲ ਕਰੋੜਾਂ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਅੱਗ ਲੱਗਣ ਦਾ ਕਾਰਨ ਬਿਜਲੀ ਦਾ ਸ਼ਾਰਟ ਸਰਕਟ ਦੱਸਿਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਦੁਕਾਨਦਾਰ ਗੋਪਾਲ ਕੌਸ਼ਲ, ਪਵਨ ਕੁਮਾਰ, ਅਸ਼ੋਕ ਸਰਨਾ ਕਮਿਊਨੀਕੇਸ਼ਨ ਦੇ ਮਾਲਕ ਮੋਹਿਤ, ਰਾਜੀਵ ਥਾਪਰ ਤੇ ਜਗਦੀਸ਼ ਰਾਜ ਨੇ ਦੱਸਿਆ ਕਿ ਉਨ੍ਹਾਂ ਦੀਆਂ ਇਸ ਬਾਜ਼ਾਰ ਵਿੱਚ ਰੈਡੀਮੇਡ ਕੱਪੜਿਆਂ, ਮਨਿਆਰੀ, ਚਮੜੇ, ਲੇਡੀਜ਼ ਬੈਗ ਤੋਂ ਇਲਾਵਾ ਮੋਬਾਇਲ ਆਦਿ ਦੀਆਂ ਦੁਕਾਨਾਂ ਹਨ। ਉਨ੍ਹਾਂ ਦੱਸਿਆ ਕਿ ਐਤਵਾਰ ਛੁੱਟੀ ਹੋਣ ਕਾਰਨ ਦੁਕਾਨਦਾਰ ਆਪਣੇ-ਆਪਣੇ ਘਰਾਂ ਵਿੱਚ ਬੈਠੇ ਸਨ ਕਿ ਰਾਤ ਕਰੀਬ 9 ਵਜੇ ਸਾਨੂੰ ਪਤਾ ਲੱਗਾ ਕਿ ਉਨ੍ਹਾਂ ਦੀਆਂ ਦੁਕਾਨਾਂ ਨੂੰ ਅੱਗ ਲੱਗੀ ਹੋਈ ਹੈ। ਜਦ ਉਹ ਮੌਕੇ 'ਤੇ ਪੁੱਜੇ ਤਾਂ ਅੱਗ ਨੇ ਇੱਕ ਦੋ ਦੁਕਾਨਾਂ ਨੂੰ ਹੀ ਆਪਣੇ ਘੇਰੇ ਵਿੱਚ ਲਿਆ ਹੋਇਆ ਸੀ ਅਤੇ ਅੱਗ ਕਾਫੀ ਤੇਜ਼ ਸੀ। ਉਨ੍ਹਾਂ ਤੁਰੰਤ ਇਸ ਦੀ ਸੂਚਨਾ ਫਾਇਰ ਬ੍ਰਿਗੇਡ ਨੂੰ ਦਿੱਤੀ ਅਤੇ ਓਨੀ ਦੇਰ ਉਹ ਆਪਣੇ ਪੱਧਰ 'ਤੇ ਅੱਗ ਨੂੰ ਬੁਝਾਉਣ ਵਿੱਚ ਲੱਗੇ ਰਹੇ ਪਰ ਜ਼ਿਆਦਾ ਸਫਲ ਨਹੀਂ ਹੋ ਸਕੇ। ਫਾਇਰ ਬ੍ਰਿਗੇਡ ਦੀ ਗੱਡੀ ਲੇਟ ਆਈ ਅਤੇ ਆਉਣ 'ਤੇ ਵੀ ਉਸਦੀਆਂ ਪਾਈਪਾਂ ਠੀਕ ਨਹੀਂ ਸਨ ਜਿਸ ਨਾਲ ਪਾਣੀ ਦਾ ਪ੍ਰੈਸ਼ਰ ਠੀਕ ਨਹੀਂ ਸੀ ਪੈ ਰਿਹਾ। ਉਨ੍ਹਾਂ ਰੋਸ ਪ੍ਰਗਟ ਕੀਤਾ ਕਿ ਜੇਕਰ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਜਲਦੀ ਪੁੱਜ ਜਾਂਦੀਆਂ ਤਾਂ ਸ਼ਾਇਦ ਏਨਾ ਨੁਕਸਾਨ ਨਾ ਹੁੰਦਾ। ਉਨ੍ਹਾਂ ਦੁਖੀ ਹਿਰਦੇ ਨਾਲ ਰੋਸ ਪ੍ਰਗਟ ਕੀਤਾ ਕਿ ਅੱਗ ਲੱਗਣ ਦੇ ਕਾਫੀ ਸਮੇਂ ਬਾਅਦ ਵੀ ਕੋਈ ਉਚ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ। ਉਨ੍ਹਾਂ ਬਿਜਲੀ ਵਿਭਾਗ 'ਤੇ ਵਰ੍ਹਦਿਆਂ ਇਹ ਸਪਸ਼ਟ ਕੀਤਾ ਕਿ ਉਨ੍ਹਾਂ ਦੀਆਂ ਦੁਕਾਨਾਂ ਨੇੜੇ ਬਾਜ਼ਾਰ ਵਿਚਕਾਰ ਬਿਜਲੀ ਦੀਆਂ ਪਤਲੀਆਂ ਤੇ ਮੋਟੀਆਂ ਕਾਫੀ ਤਾਰਾਂ ਨੀਵੀਆਂ ਹੋਣ ਕਾਰਨ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੂੰ ਲੰਬੇ ਰਸਤੇ ਤੋਂ ਦੀ ਆਉਣਾ ਪਿਆ। ਪੀੜਤ ਦੁਕਾਨਦਾਰਾਂ ਦੀ ਮੰਗ ਹੈ ਕਿ ਪ੍ਰਸ਼ਾਸਨ ਦੁਕਾਨਾਂ ਦੀ ਨਵੇਂ ਸਿਰੇ ਤੋਂ ਮੁਰ